ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 27 Monday, February 08, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਭਾਰਤ ਦੇ ਕਿਸਾਨਾਂ ਦੇ ਹੱਕ ਵਿਚ ਗ੍ਰੀਨ ਪਾਰਟੀ ਨੇ ਮਾਰਿਆ ਹਾਅ ਦਾ ਨਾਅਰਾ



ਟੋਰਾਂਟੋ, 7 ਫਰਵਰੀ (ਪੋਸਟ ਬਿਊਰੋ) : ਭਾਰਤ ਵਿੱਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦੇ ਸਬੰਧ ਵਿੱਚ ਓਨਟਾਰੀਓ ਵਿੱਚ ਗ੍ਰੀਨ ਪਾਰਟੀ ਦੇ ਆਗੂ ਮਾਈਕ ਸ਼੍ਰੇਨਰ ਨੇ ਆਖਿਆ ਕਿ ਅਸੀਂ ਹਮੇਸ਼ਾਂ ਕਿਸਾਨਾਂ ਦਾ ਸਾਥ ਦਿੱਤਾ ਹੈ ਤੇ ਸਿਹਤਮੰਦ ਲੋਕਾਂ ਤੇ ਕਮਿਊਨਿਟੀਜ਼ ਲਈ ਫੂਡ ਸਕਿਊਰਿਟੀ ਬਹੁਤ ਜ਼ਰੂਰੀ ਹੈ। ਕਿਸਾਨ ਸਾਡੀਆਂ ਕਮਿਊਨਿਟੀਜ਼ ਨੂੰ ਅੰਨ ਮੁਹੱਈਆ ਕਰਵਾਉਂਦੇ ਹਨ ਜਿਸ ਤੋਂ ਬਿਨਾਂ ਅਸੀਂ ਜਿਊਂਦੇ ਨਹੀਂ ਰਹਿ ਸਕਦੇ।

ਇੱਕ ਬਿਆਨ ਜਾਰੀ ਕਰਕੇ ਉਨ੍ਹਾਂ ਆਖਿਆ ਕਿ ਜਦੋਂ ਕਈ ਮਿਲੀਅਨ ਕਿਸਾਨ ਉਨ੍ਹਾਂ ਨਵੇਂ ਕਾਨੂੰਨਾਂ ਖਿਲਾਫ ਉੱਠ ਖੜ੍ਹੇ ਹੋਣ, ਜਿਨ੍ਹਾਂ ਕਾਰਨ ਉਨ੍ਹਾਂ ਦੀ ਰੋਜ਼ੀ ਰੋਟੀ ਨੂੰ ਖਤਰਾ ਹੋਵੇ, ਤਾਂ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੀ ਗੱਲ ਸੁਣੀ ਜਾਵੇ ਤੇ ਕਿਸੇ ਤਰ੍ਹਾਂ ਦਾ ਹੱਲ ਕੱਢਿਆ ਜਾਵੇ।

ਕਈ ਮਹੀਨਿਆਂ ਤੱਕ ਅਸੀਂ ਓਨਟਾਰੀਓ ਵਾਸੀਆਂ ਤੋਂ ਮਨੁੱਖੀ ਇਤਿਹਾਸ ਦੇ ਇਸ ਸੱਭ ਤੋਂ ਵੱਡੇ ਅੰਦੋਲਨ ਬਾਰੇ ਗੱਲਾਂ ਸੁਣੀਆਂ ਤੇ ਕਈ ਤਰ੍ਹਾਂ ਦੀ ਫੁਟੇਜ ਵੀ ਵੇਖੀ। ਭਾਰਤ ਦੇ ਕਿਸਾਨ ਦਿੱਲੀ ਦੀ ਸਰਹੱਦ ਉੱਤੇ ਇੱਕਠੇ ਹੋ ਰਹੇ ਹਨ ਤੇ ਸੜਕਾਂ ਉੱਤੇ ਹੀ ਬਣਾਏ ਗਏ ਆਰਜ਼ੀ ਟੈਂਟਾਂ ਵਿੱਚ ਰਹਿ ਰਹੇ ਹਨ ਤੇ ਹੱਢ ਜਮਾ ਦੇਣ ਵਾਲੇ ਤਾਪਮਾਨ ਵਿੱਚ ਸੜਕਾਂ ਉੱਤੇ ਹੀ ਸੌਣ ਲਈ ਮਜਬੂਰ ਹਨ। ਇੱਥੋਂ ਤੱਕ ਕਿ ਇਸ ਅੰਦੋਲਨ ਦੇ ਚੱਲਦਿਆਂ ਕਈ ਕਿਸਾਨ ਆਪਣੀਆਂ ਜਾਨਾਂ ਵੀ ਗੁਆ ਚੁੱਕੇ ਹਨ।

ਪਰ ਕਿਸਾਨਾਂ ਵੱਲੋਂ ਇਹ ਸਿਲਸਿਲਾ ਅਜੇ ਵੀ ਬਾਦਸਤੂਰ ਜਾਰੀ ਹੈ, ਉਹ ਸ਼ਾਂਤਮਈ ਢੰਗ ਨਾਲ ਆਪਣੇ ਸੰਵਿਧਾਨਕ ਅਧਿਕਾਰ ਲਈ ਸੰਘਰਸ਼ ਕਰ ਰਹੇ ਹਨ। ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਅਜਿਹੇ ਕਿਸਾਨਾਂ ਉੱਤੇ ਹਿੰਸਕ ਕਾਰਵਾਈ, ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤੇ ਜਾਣ, ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾਂ, ਜੋ ਸਾਨੂੰ ਖਬਰਾਂ ਵਿੱਚ ਵੇਖਣ ਨੂੰ ਮਿਲ ਰਹੀ ਹੈ ਦਿਲ ਦਹਿਲਾ ਦੇਣ ਵਾਲੀ ਹੈ।

ਓਨਟਾਰੀਓ ਦੀ ਗ੍ਰੀਨ ਪਾਰਟੀ ਕਿਸਾਨਾਂ ਦੇ ਨਾਲ ਖੜ੍ਹੀ ਹੈ ਤੇ ਆਸ ਕਰਦੀ ਹੈ ਕਿ ਇਸ ਮਸਲੇ ਦਾ ਸ਼ਾਂਤਮਈ ਢੰਗ ਨਾਲ ਹੱਲ ਵੀ ਨਿਕਲ ਆਵੇਗਾ। ਅਸੀਂ ਆਪਣੀਆਂ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਨੂੰ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਲਈ ਹੱਲਾਸ਼ੇਰੀ ਦਿੰਦੇ ਹਾਂ ਤਾਂ ਕਿ ਇਸ ਸਮੱਸਿਆ ਦਾ ਕੋਈ ਹੱਲ ਨਿਕਲ ਸਕੇ।

# ਸਾਊਥ ਅਫਰੀਕਾ ਨੇ ਮੁਲਤਵੀ ਕੀਤੀ ਐਸਟ੍ਰਾਜ਼ੈਨੇਕਾ ਵੈਕਸੀਨ ਡਰਾਈਵ




ਜੌਹਨਸਬਰਗ, 7 ਫਰਵਰੀ (ਪੋਸਟ ਬਿਊਰੋ) : ਸਾਊਥ ਅਫਰੀਕਾ ਵੱਲੋਂ ਆਕਸਫੋਰਡ-ਐਸਟ੍ਰਾਜ਼ੈਨੇਕਾ ਵੈਕਸੀਨ ਨਾਲ ਆਪਣੇ ਫਰੰਟ ਲਾਈਨ ਹੈਲਥ ਕੇਅਰ ਵਰਕਰਜ਼ ਦਾ ਟੀਕਾਕਰਣ ਕਰਵਾਉਣ ਦੀ ਯੋਜਨਾ ਨੂੰ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ। ਇੱਕ ਨਿੱਕੇ ਜਿਹੇ ਕਲੀਨਿਕਲ ਟ੍ਰਾਇਲ ਵਿੱਚ ਇਹ ਪਾਏ ਜਾਣ ਕਿ ਦੇਸ਼ ਵਿੱਚ ਮੌਜੂਦ ਵੇਰੀਐਂਟ ਨਾਲ ਹੋਣ ਵਾਲੀ ਮਾਮੂਲੀ ਤੋਂ ਮੱਠੀ ਬਿਮਾਰੀ ਨੂੰ ਰੋਕਣ ਵਿੱਚ ਇਹ ਦਵਾਈ ਅਸਰਦਾਰ ਨਹੀਂ ਹੈ, ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ।

ਸਾਊਥ ਅਫਰੀਕਾ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ ਪਹਿਲੀਆਂ ਇੱਕ ਮਿਲੀਅਨ ਡੋਜ਼ਾਂ ਪਿਛਲੇ ਹਫਤੇ ਮਿਲੀਆਂ ਤੇ ਦੇਸ਼ ਵਿੱਚ ਹੈਲਥ ਕੇਅਰ ਵਰਕਰਜ਼ ਦਾ ਟੀਕਾਕਰਣ ਫਰਵਰੀ ਦੇ ਮੱਧ ਵਿੱਚ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਸੀ।

...ਬਾਕੀ ਪੰਨਾ 2 'ਤੇ

# ਜਾਰਜ ਹਿੱਚਕੌਕ ਬਰਸਰੀ ਲਈ ਬਰੈਂਪਟਨ ਫਾਇਰ ਵੱਲੋਂ ਸਵੀਕਾਰੀਆਂ ਜਾ ਰਹੀਆਂ ਹਨ ਅਰਜ਼ੀਆਂ




ਬਰੈਂਪਟਨ, 7 ਫਰਵਰੀ (ਪੋਸਟ ਬਿਊਰੋ) : ਫਾਇਰ ਸਰਵਿਸਿਜ਼ ਵਿੱਚ ਕਰੀਅਰ ਬਣਾਉਣ ਵਾਲੇ ਰੈਜ਼ੀਡੈਂਟਸ ਕੋਲੋਂ ਜਾਰਜ ਹਿੱਚਕੌਕ ਮੈਮੋਰੀਅਲ ਐਂਡੋਅਮੈਂਟ ਫੰਡ, ਜਿਸ ਨੂੰ ਜਾਰਜ ਹਿੱਚਕੌਕ ਬਰਸਰੀ ਵਜੋਂ ਜਾਣਿਆ ਜਾਂਦਾ ਹੈ, ਲਈ ਅਰਜ਼ੀਆਂ ਸਵੀਕਾਰਨ ਦਾ ਕੰਮ ਸ਼ੁਰੂ ਹੋ ਗਿਆ ਹੈ।

ਬਰੈਂਪਟਨ ਫਾਇਰ ਅਤੇ ਐਮਰਜੰਸੀ ਸਰਵਿਸਿਜ਼ ਨੇ 2014 ਵਿੱਚ ਡਵੀਜ਼ਨ ਦੇ ਮਰਹੂਮ ਚੀਫ ਜਾਰਜ ਹਿੱਚਕੌਕ , ਜਿਨ੍ਹਾਂ ਨੇ 33 ਸਾਲਾਂ ਤੱਕ ਬਰੈਂਪਟਨ ਫਾਇਰ ਤੇ ਐਮਰਜੰਸੀ ਸਰਵਿਸਿਜ਼ ਲਈ ਸੇਵਾ ਨਿਭਾਈ, ਦੇ ਸਨਮਾਨ ਵਿੱਚ ਜਾਰਜ ਹਿੱਚਕੌਕ ਮੈਮੋਰੀਅਲ ਐਂਡੋਅਮੈਂਟ ਫੰਡ ਕਾਇਮ ਕੀਤਾ ਸੀ। ਫਾਇਰ-ਲਾਈਫ ਸੇਫਟੀ ਐਜੁਕੇਸ਼ਨ ਡਵੀਜ਼ਨ ਕਾਇਮ ਕਰਨ ਵਿੱਚ ਜਾਰਜ ਹਿੱਚਕੌਕ ਨੇ ਅਹਿਮ ਭੂਮਿਕਾ ਨਿਭਾਈ। ਇਸ ਨਾਲ ਹਰ ਸਾਲ ਹਜ਼ਾਰਾਂ ਬਰੈਂਪਟਨ ਵਾਸੀਆਂ ਨੂੰ ਫਾਇਰ ਸੇਫਟੀ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਹੋਰਨਾਂ ਨੂੰ ਫਾਇਰ ਸਰਵਿਸਿਜ਼ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ ਤੇ ਹੱਲਾਸ਼ੇਰੀ ਦਿੱਤੀ।

ਜਾਰਜ ਹਿੱਚਕੌਕ ਬਰਸਰੀ ਸਾਲਾਨਾ ਤੌਰ ਉੱਤੇ ਅਜਿਹੇ ਵਿਅਕਤੀਆਂ ਲਈ ਅਰਜ਼ੀਆਂ ਸਵੀਕਾਰਦੀ ਹੈ ਜਿਹੜੇ ਫਾਇਰ ਸਰਵਿਸਿਜ਼ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਇਸ ਫੰਡ ਲਈ ਯੋਗ ਹੋਣ ਵਾਸਤੇ ਬਿਨੈਕਾਰਾਂ ਨੂੰ ਹੇਠ ਲਿਖੇ ਮਾਪਦੰਡ ਪੂਰੇ ਕਰਨੇ ਹੋਣਗੇ:

- ਬਿਨੇਕਾਰ ਬਰੈਂਪਟਨ ਵਾਸੀ ਤੇ ਕੈਨੇਡਾ ਦਾ ਨਾਗਰਿਕ ਹੋਵੇ ਜਾਂ ਕੈਨੇਡਾ ਵਿੱਚ ਕੰਮ ਕਰਨ ਦੇ ਯੋਗ ਹੋਵੇ
- ਬਿਨੇਕਾਰ ਫਾਇਰ ਸਬੰਧੀ ਪ੍ਰੋਗਰਾਮ ਵਿੱਚ ਓਨਟਾਰੀਓ ਪੋਸਟ ਸੈਕੰਡਰੀ ਸਕੂਲ ਡਿਪਲੋਮਾ ਕਰ ਰਿਹਾ ਹੋਵੇ
- ਬਿਨੇਕਾਰ ਐਪਲੀਕੇਸ਼ਨ ਫਾਰਮ ਵਿੱਚ ਦਿੱਤੀਆਂ ਗਈਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੋਵੇ
- ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਡੈਡਲਾਈਨ ਤੱਕ ਅਰਜ਼ੀਆਂ ਜਮ੍ਹਾਂ ਕਰਵਾ ਦਿੱਤੀਆਂ ਜਾਣ
- ਇੰਟਰਵਿਊ ਦੀ ਪ੍ਰਕਿਰਿਆ ਤੋਂ ਬਾਅਦ ਸਫਲ ਰਹਿਣ ਵਾਲੇ ਬਿਨੇਕ-ਾਰ ਨੂੰ ਓਨਟਾਰੀਓ ਪੋਸਟ ਸੈਕੰਡਰੀ ਸਕੂਲ ਪ੍ਰੋਗਰਾਮ ਵਿੱਚ ਸਵੀਕਾਰੇ ਜਾਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ

ਪ੍ਰਕਿਰਿਆ:

ਐਪਲੀਕੇਸ਼ਨ ਫਾਰਮ ਆਨਲਾਈਨ www.bramptonfire.com ਉੱਤੇ ਉਪਲਬਧ ਹਨ ਤੇ ਇਹ fire-life@brampton.ca ਉੱਤੇ ਜਮ੍ਹਾਂ ਕਰਵਾਏ ਜਾਣ। ਪਹਿਲੀ ਅਪਰੈਲ, 2021 ਨੂੰ ਜਾਂ 30 ਅਰਜ਼ੀਆਂ ਮਿਲਣ ਉਪਰੰਤ ਅਰਜ਼ੀਆਂ ਸਵੀਕਾਰਨੀਆਂ ਬੰਦ ਕਰ ਦਿੱਤੀਆਂ ਜਾਣਗੀਆਂ। ਸ਼ੌਰਟਲਿਸਟ ਕੀਤੇ ਗਏ ਉਮੀਦਵਾਰਾਂ ਨੂੰ ਇੰਟਰਵਿਊ ਕੀਤਾ ਜਾਵੇਗਾ ਤੇ ਇੱਕ ਬਿਨੇਕਾਰ ਨੂੰ ਬਰਸਰੀ ਲਈ ਚੁਣਿਆ ਜਾਵੇਗਾ, ਕੋਰਸ ਵਿੱਚ ਐਨਰੋਲਮੈਂਟ ਲਈ 1000 ਡਾਲਰ ਸਿੱਧੇ ਤੌਰ ਉੱਤੇ ਅਦਾ ਕੀਤੇ ਜਾਣਗੇ।

# ਮਾਊਂਟ ਐਲਬਰਟ ਵਿਚ ਛੁਰੇਬਾਜ਼ੀ ਤੋਂ ਬਾਅਦ ਪੁਲਿਸ ਮੁਕਾਬਲੇ ਵਿਚ ਦੋ ਹਲਾਕ, ਤਿੰਨ ਜ਼ਖ਼ਮੀ



ਓਨਟਾਰੀਓ, 7 ਫਰਵਰੀ (ਪੋਸਟ ਬਿਊਰੋ) : ਮਾਊਂਟ ਐਲਬਰਟ ਵਿੱਚ ਇੱਕ ਘਰ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੇ ਪੁਲਿਸ ਦੀ ਸ਼ਮੂਲੀਅਤ ਵਾਲੀ ਸ਼ੂਟਿੰਗ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਛੁਰੇਬਾਜ਼ੀ ਦੀ ਰਿਪੋਰਟ ਮਿਲਣ ਤੋਂ ਬਾਅਦ ਯੌਰਕ ਰੀਜਨ ਪੁਲਿਸ ਸ਼ਨਿੱਚਰਵਾਰ ਦੁਪਹਿਰ 2:30 ਵਜੇ ਵਿਵੀਅਨ ਕ੍ਰੀਕ ਰੋਡ ਤੇ ਰਿੱਜ ਗੇਟ ਕ੍ਰੀਸੈਂਟ ਏਰੀਆ ਵਿੱਚ ਮਿਲੀ। ਜਦੋਂ ਮੌਕੇ ਉੱਤੇ ਪੁਲਿਸ ਪਹੁੰਚੀ ਤਾਂ ਉੱਥੇ ਉਨ੍ਹਾਂ ਨੂੰ 38 ਸਾਲਾ ਮਹਿਲਾ ਘਰ ਦੇ ਮੁੱਖ ਦਰਵਾਜ਼ੇ ਉੱਤੇ ਮ੍ਰਿਤਕ ਮਿਲੀ। ਘਰ ਵਿੱਚ ਦਾਖਲ ਹੋਣ ਉੱਤੇ ਪੁਲਿਸ ਦਾ ਸਾਹਮਣਾ ਇੱਕ 37 ਸਾਲਾ ਵਿਅਕਤੀ ਨਾਲ ਹੋਇਆ। ਮੁਕਾਬਲੇ ਤੋਂ ਬਾਅਦ ਉਸ ਵਿਅਕਤੀ ਨੂੰ ਪੁਲਿਸ ਵੱਲੋਂ ਗੋਲੀ ਮਾਰ ਦਿੱਤੀ ਗਈ।

ਦੋ ਅਤੇ ਚਾਰ ਸਾਲਾ ਲੜਕੇ ਅਤੇ 35 ਸਾਲਾ ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਐਤਵਾਰ ਨੂੰ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਪਾਇਆ ਗਿਆ ਤੇ ਸਾਰਿਆਂ ਦੇ ਜਿਊਂਦੇ ਬਚਣ ਦੀ ਸੰਭਾਵਨਾ ਹੈ। ਮਸ਼ਕੂਕ ਦੀ ਮੌਤ ਦੇ ਸਬੰਧ ਵਿੱਚ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਵੱਲੋਂ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਇਸ ਤੋਂ ਇਲਾਵਾ ਯੌਰਕ ਪੁਲਿਸ ਵੱਲੋਂ ਛੁਰੇਬਾਜ਼ੀ ਦੀ ਸ਼ੁਰੂਆਤੀ ਘਟਨਾ ਦੀ ਜਾਂਚ ਵੱਖਰੇ ਤੌਰ ਉੱਤੇ ਕੀਤੀ ਜਾ ਰਹੀ ਹੈ। ਅਜੇ ਤੱਕ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਮਸ਼ਕੂਕ ਤੇ ਉਸ ਦੇ ਸ਼ਿਕਾਰ ਵਿਅਕਤੀਆਂ ਦਰਮਿਆਨ ਕੀ ਰਿਸ਼ਤਾ ਸੀ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Feas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Advice you can bank on Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਸ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਰਿਸ਼ੀਗੰਗਾ ਉੱਤੇ ਬਣਾਏ ਦੋ ਹਾਈਡਰੋ ਪ੍ਰਾਜੈਕਟ ਢਹਿ ਜਾਣ ਨਾਲ 150 ਲੋਕਾਂ ਦੀ ਮੌਤ ਦਾ ਸ਼ੱਕ

*** ਗਲੇਸ਼ੀਅਰ ਟੁੱਟਣ ਨਾਲ ਹਾਦਸਾ ਵਾਪਰਿਆ**

ਰਿਸ਼ੀਕੇਸ਼, 7 ਫਰਵਰੀ, (ਪੋਸਟ ਬਿਊਰੋ)- ਉੱਤਰਾ ਖੰਡ ਰਾਜ ਦੇ ਚਮੋਲੀ ਜ਼ਿਲੇ ਵਿੱਚ ਗਲੇਸ਼ੀਅਰ ਟੁੱਟਣ ਦੇ ਬਾਅਦ ਰਿਸ਼ੀਗੰਗਾ ਹਾਈਡਰੋ ਪ੍ਰੋਜੈਕਟ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ, ਜਦ ਕਿ ਧੌਲ-ਗੰਗਾ ਉੱਤੇ ਬਣੇ ਹਾਈਡਰੋ ਪ੍ਰੋਜੈਕਟ ਦਾ ਬੰਨ੍ਹ ਟੁੱਟਣ ਨਾਲ ਗੰਗਾ ਤੇ ਉਸ ਦੀਆਂ ਸਹਾਇਕ ਨਦੀਆਂ ਵਿੱਚ ਹੜ੍ਹ ਦਾ ਖ਼ਤਰਾ ਬਣ ਗਿਆ ਹੈ। ਇਸ ਨੂੰ ਦੇਖ ਕੇ ਇਸ ਰਾਜ ਵਿੱਚ ਚਮੋਲੀ ਤੋਂ ਹਰਿਦੁਆਰ ਤਕ ਅਲਰਟ ਜਾਰੀ ਕਰ ਦਿੱਤਾ ਗਿਆ ਹੈ।ਇਸ ਘਟਨਾਂ ਨਾਲ ਕਰਣਪ੍ਰਯਾਗ ਤਕ ਪਾਣੀ ਪਹੁੰਚ ਗਿਆ ਹੈ। ਇਹ ਹਾਦਸਾ ਹੋਣ ਸਮੇਂ ਦੋਵਾਂ ਪ੍ਰੋਜੈਕਟ ਉੱਤੇ ਵੱਡੀ ਗਿਣਤੀ ਵਿੱਚ ਮਜ਼ਦੂਰ ਕੰਮ ਕਰ ਰਹੇ ਸਨ ਅਤੇ 150 ਦੇ ਕਰੀਬ ਮਜ਼ਦੂਰਾਂ ਦੀ ਮੌਤ ਦਾ ਸ਼ੱਕ ਹੈ, ਅਜੇ ਤੱਕ 10 ਦੀਆਂ ਲਾਸ਼ਾਂ ਮਿਲੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਐਤਵਾਰ ਸਵੇਰੇ ਗਲੇਸ਼ੀਅਰ ਟੁੱਟਣ ਪਿੱਛੋਂ ਚਮੋਲੀ ਜ਼ਿਲੇ ਵਿੱਚ ਰਿਸ਼ੀਗੰਗਾ ਨਦੀਦੇ ਨੇੜੇ ਰੈਣੀ ਪਿੰਡ ਵਿੱਚਬਣ ਰਹੇ 24 ਮੈਗਾਵਾਟ ਦੇ ਹਾਈਡਰੋ ਪ੍ਰੋਜੈਕਟ ਦਾ ਗੇਟ ਟੁੱਟ ਗਿਆ, ਜਿਸ ਪਿੱਛੋਂ ਮਲਬੇ ਤੇ ਪਾਣੀ ਦਾ ਤੇਜ਼ ਵਹਿਣ ਧੌਲ-ਗੰਗਾ ਵੱਲ ਚੱਲ ਪਿਆ। ਨਤੀਜੇ ਵਜੋਂ ਰੈਣੀ ਤੋਂ ਕਰੀਬ 10 ਕਿਲੋਮੀਟਰ ਦੂਰ ਤਪੋਬਨ ਵਿੱਚ ਧੌਲ-ਗੰਗਾ ਨਦੀ ਉੱਤੇਬਣ ਰਹੇ 520 ਮੈਗਾਵਾਟ ਦੇ ਬਿਜਲੀ ਪ੍ਰੋਜੈਕਟ ਦਾ ਗੇਟ ਵੀ ਟੁੱਟ ਗਿਆ ਅਤੇ ਹਾਲਾਤ ਵਿਗੜ ਗਏ। ਇਸ ਵਹਿਣ ਕਾਰਨ ਦੋਵੇਂ ਪ੍ਰੋਜੈਕਟਾਂ ਉੱਤੇ ਕੰਮ ਕਰਦੇ ਵੱਡੀ ਗਿਣਤੀਮਜ਼ਦੂਰਾਂ ਦੇ ਰੁੜ੍ਹ ਜਾਣ ਦਾ ਸ਼ੱਕ ਹੈ। ਉੱਤਰਾ ਖੰਡ ਦੇ ਚੀਫ ਸੈਕਟਰੀ ਓਮ ਪ੍ਰਕਾਸ਼ ਨੇ ਦੱਸਿਆ ਕਿ ਕੌਮੀ ਰਾਹਤ ਰਿਲੀਫ ਫੋਰਸ (ਐੱਨਡੀਆਰਐੱਫ) ਦੀਆਂ ਤੁਰੰਤ ਮਦਦ ਦੇਣ ਵਾਲੀਆਂ ਟੀਮਾਂ ਉਸ ਇਲਾਕੇ ਵਿੱਚ ਪਹੁੰਚ ਗਈਆਂ ਹਨ ਅਤੇ ਐਤਵਾਰ ਸ਼ਾਮ ਤੱਕ ਪਾਣੀ ਦਾ ਵਹਿਣ



ਥੋੜ੍ਹਾ ਘਟਿਆ ਹੈ, ਇਸ ਕਾਰਨ ਹੇਠਲੇ ਇਲਾਕਿਆਂ ਵਿੱਚ ਰਹਿਣ ਵਾਲਿਆਂ ਨੂੰ ਲੱਗੀ ਚਿੰਤਾ ਕੁਝ ਘਟੀ ਹੈ।

## ਸਾਊਥ ਅਫਰੀਕਾ ਨੇ ਮੁਲਤਵੀ ਕੀਤੀ ਐਸਟ੍ਰਾਜ਼ੈਨੇਕਾ ਵੈਕਸੀਨ ਡਰਾਈਵ

.....ਪੰਨਾ 1 ਦਾ ਬਾਕੀ

ਇਸ ਵੈਕਸੀਨ ਦੇ ਇੱਥੇ ਕੀਤੇ ਗਏ ਟ੍ਰਾਇਲ ਦੇ ਨਿਰਾਸ਼ਾਜਨਕ ਰਹਿਣ ਤੋਂ ਬਾਅਦ ਹੀ ਇਹ ਫੈਸਲਾ ਕੀਤਾ ਗਿਆ ਹੈ ਕਿ ਇਹ ਵੈਕਸੀਨ ਇੱਥੇ ਅਸਰਦਾਰ ਨਹੀਂ ਹੋਵੇਗੀ।ਇੱਕ ਨਿੱਕੇ ਜਿਹੇ ਅਧਿਐਨ ਵਿੱਚ ਇਹ ਪਾਇਆ ਗਿਆ ਹੈ ਕਿ ਐਸਟ੍ਰਾਜ਼ੈਨੇਕਾ ਵੈਕਸੀਨ ਸਾਊਥ ਅਫਰੀਕਾ ਵਿੱਚ ਪਾਏ ਜਾਣ ਵਾਲੇ ਵੇਰੀਐਂਟ ਲਈ ਬਹੁਤੀ ਕਾਰਗਰ ਨਹੀਂ ਹੈ। ਸਿਹਤ ਮੰਤਰੀ ਜਵੇਲੀ ਮਖਾਈਜ਼ ਨੇ ਐਤਵਾਰ ਰਾਤ ਨੂੰ ਆਖਿਆ ਕਿ ਕੋਵਿਡ-19 ਦਾ ਇੱਥੋਂ ਵਾਲਾ ਵੇਰੀਐਂਟ ਕਾਫੀ ਇਨਫੈਕਸ਼ੀਅਸ ਹੈ ਤੇ ਇਸ ਨਾਲ ਦੇਸ਼ ਵਿੱਚ ਕੋਵਿਡ-19 ਦੇ ਮਾਮਲੇ ਹੋਰ ਵਧਣੇ ਸ਼ੁਰੂ ਹੋ ਗਏ।

ਮਖਾਈਜ਼ ਨੇ ਆਖਿਆ ਕਿ ਐਸਟ੍ਰਾਜ਼ੈਨੇਕਾ ਵੈਕਸੀਨ ਓਰੀਜਨਲ ਸਟਰੇਨ ਦੇ ਖਿਲਾਫ ਪ੍ਰਭਾਵਸ਼ਾਲੀ ਸਿੱਧ ਹੋਈ ਪਰ ਵੇਰੀਐਂਟ ਖਿਲਾਫ ਨਹੀਂ। ਇਸ ਲਈ ਹਾਲ ਦੀ ਘੜੀ ਅਸੀਂ ਇਸ ਵੈਕਸੀਨ ਉੱਤੇ ਆਰਜ਼ੀ ਤੌਰ ਉੱਤੇ ਰੋਕ ਲਾ ਦਿੱਤੀ ਹੈ ਤੇ ਇਸ ਪਾਸੇ ਹੋਰ ਕੰਮ ਕੀਤੇ ਜਾਣ ਦੀ ਲੋੜ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਵਿੱਚ ਗ੍ਰੰਥੀ ਗ੍ਰਿਫ਼ਤਾਰ



ਫਿਰੋਜ਼ਪੁਰ, 7 ਫਰਵਰੀ, (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਮੱਖੂ ਹੇਠਲੇ ਪਿੰਡ ਚਾਂਬ ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਵਿਚ ਪੁਲਿਸ ਨੇ ਦੋ ਗ੍ਰੰਥੀਆਂ ਦੇ ਵਿਰੁੱਧ ਦੰਡ ਕਾਨੂੰਨ ਦੀ ਧਾਰਾ 295, 34 ਆਈਪੀਸੀ ਤਹਿਤ ਮੁਕੱਦਮਾ ਦਰਜ ਕਰ ਕੇ ਇਕ ਗ੍ਰੰਥੀ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਸੂਬਾ ਸਿੰਘ ਪਿੰਡ ਚਾਂਬ ਨੇਪੁਲਿਸ ਨੂੰ ਦੱਸਿਆ ਕਿ ਪਿੰਡ ਦੇ ਗੁਰਦੁਆਰੇ ਵਿਚ ਸ੍ਰੀ ਗ੍ਰੰਥ ਸਾਹਿਬ ਦੇ 5 ਸਰੂਪ ਸਨ, ਇਨ੍ਹਾਂ ਵਿੱਚੋਂ ਇਕ ਸਰੂਪ ਪਿਛਲੇ 4 ਮਹੀਨਿਆਂ ਤੋਂ ਗ਼ਾਇਬ ਸੀ। ਇਸ ਬਾਰੇ ਗ੍ਰੰਥੀ ਸੇਵਾ ਸਿੰਘ ਨੂੰ ਪੁੱਛਿਆ ਤਾਂ ਕਹਿੰਦਾ ਸੀ ਕਿ ਗੁਰ-ਦੁਆਰੇ ਵਿਚ ਸ਼ੁਰੂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 4 ਸਰੂਪ ਹੁੰਦੇ ਸਨ।ਇਸੇ ਦੌਰਾਨ 5 ਫਰਵਰੀ ਨੂੰ ਕੁਝ ਲੋਕ ਕਾਰ ਵਿਚ ਆਏ ਅਤੇਗੁਰੂਗ੍ਰੰਥ ਸਾਹਿਬ ਦਾ ਸਰੂਪ ਕਾਰ ਵਿੱਚੋਂ ਕੱਢ ਕੇ ਬਿਨ੍ਹਾਂ ਮਰਿਆਦਾ ਦੇ ਗੁਰਦੁਆਰੇ ਵਿਚ ਬਿਰਾਜਮਾਨ ਕਰਵਾ ਦਿੱਤਾ ਤੇ ਖਿਸਕ ਗਏ। ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਗ੍ਰੰਥੀ ਸੇਵਾ ਸਿੰਘ ਤੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ ਕਰੀਬ 4 ਮਹੀਨੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਿੱਕਰ ਸਿੰਘ ਨੂੰ ਦਿੱਤਾ ਸੀ। ਇਸ ਬਾਰੇ ਲੋਕਾਂ ਦਾ ਕਹਿਣਾ ਸੀ ਕਿ ਗੁਰੂਗ੍ਰੰਥ ਸਾਹਿਬ ਦਾ ਸਰੂਪ ਬਿਨ੍ਹਾਂ ਕਿਸੇ ਨੂੰ ਪੁੱਛੇ ਕਿੱਕਰ ਸਿੰਘ ਨੂੰ ਦੇਣਾ ਤੇ ਬਿਨਾਂ ਪੂਰੀ ਮਰਿਆਦਾ ਦੇ ਵਾਪਸ ਲਿਆ ਕੇ ਗੁਰਦੁਆਰੇ ਵਿਚ ਰੱਖਣਾ ਵੀ ਬੇਅਦਬੀ ਹੈ।ਇਸ ਕੇਸ ਦੀ ਜਾਂਚ ਕਰ ਰਹੇ ਏਐੱਸਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸੇਵਾ ਸਿੰਘ ਵਾਸੀ ਬਹਿਕ ਫੱਤੂ ਅਤੇ ਕਿੱਕਰ ਸਿੰਘ ਪਿੰਡ ਸੂਦਾਂ ਦੇ ਖ਼ਿਲਾਫ਼ ਕੇਸ ਦਰਜ ਕਰ ਕੇ ਇੱਕਗ੍ਰੰਥੀ ਸੇਵਾ ਸਿੰਘ ਨੂੰ ਹਿਰਾਸਤ ਵਿਚ ਲਿਆ ਹੈ।

## ਟਵਿੱਟਰ-ਫੇਸਬੁੱਕ ਉੱਤੇ ਬੈਨ ਪਿੱਛੋਂ 'ਗੈਬ' ਉੱਤੇ ਟਰੰਪ ਐਕਟਿਵ

*** ਮਹਾਦੋਸ਼ ਮਾਮਲੇ ਵਿੱਚ ਇਕ ਲੈਟਰ ਪੋਸਟ ਕਰ ਦਿੱਤੈ**

ਵਾਸ਼ਿੰਗਟਨ, 7 ਫਰਵਰੀ, (ਪੋਸਟ ਬਿਊਰੋ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਸੋਸ਼ਲ ਮੀਡੀਆ ਉੱਤੇ ਐਕਟਿਵ ਹੋ ਗਏ ਹਨ। ਇਸ ਵਾਰੀ ਟਰੰਪ ਨੇ 'ਗੈਬ' ਉੱਤੇ ਆਪਣਾ ਪੁਰਾਣਾ ਅਕਾਊਂਟ ਐਕਟਿਵ ਕਰ ਲਿਆ ਹੈ ਅਤੇਟਰੰਪ ਨੇ ਆਪਣੇ ਉੱਤੇ ਚੱਲਦੇ ਮਹਾਦੋਸ਼ ਕੇਸ ਵਿੱਚ4 ਫਰਵਰੀ ਨੂੰ ਪਾਰਲੀਮੈਂਟ ਮੈਂਬਰ ਜੇਸੀ ਰਸਕਿਨ ਨੂੰ ਸੰਬੋਧਨ ਕਰ ਕੇ ਇਕ ਪੱਤਰ ਪੋਸਟ ਕੀਤਾ ਹੈ, ਜਿਸ ਉੱਤੇ ਉਨ੍ਹਾਂ ਦੇ ਵਕੀਲਾਂ ਨੇ ਸਾਈਨ ਕੀਤੇ ਹਨ।

ਡੋਨਾਲਡ ਟਰੰਪ ਦੇ ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਦੇ 45ਵੇਂ ਰਾਸ਼ਟਰਪਤੀ,ਜਿਹੜਾ ਇਸ ਵੇਲੇ ਇਕ ਆਮ ਨਾਗਰਿਕ ਹੈ, ਦੇ ਖ਼ਿਲਾਫ਼ ਆਪਣੇ ਦੋਸ਼ਾਂ ਨੂੰ ਤੁਸੀਂ ਸਾਬਤ ਨਹੀਂ ਕਰ ਸਕਦੇ। ਟਰੰਪ ਦੇ ਇਸ ਨਵੇਂ ਪੱਤਰ ਤੋਂ ਬਾਅਦ ਉਸ ਦੇ ਸਮੱਰਥਕ ਵੀ ਉਤਸ਼ਾਹਿਤ ਹੋਣ ਲੱਗੇ ਹਨ। ਵਰਨਣ ਯੋਗ ਹੈ ਕਿ ਅਮਰੀਕਾ ਵਿੱਚਪਾਰਲੀਮੈਂਟ ਦੇ ਖੇਤਰ (ਕੈਪੀਟਲ ਹਿੱਲ) ਵਿੱਚ ਹੋਈ




ਹਿੰਸਾ ਮਗਰੋਂ ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਆਦਿ ਸੋਸ਼ਲ ਮੀਡੀਆ ਗਰੁੱਪਾਂ ਨੇ ਟਰੰਪ ਉੱਤੇ ਹਮੇਸ਼ਾ ਲਈ ਰੋਕ ਲਾ ਦਿੱਤੀਸੀ। ਇਸ ਦੇ ਬਾਅਦ ਟਰੰਪ ਨੇ ਸਾਈਟ ਗੈਬ ਉੱਤੇਨਵਾਂ ਅਕਾਊਂਟ ਬਣਾ ਲਿਆ ਹੈ। ਕੈਪੀਟਲ ਹਿੱਲਵਾਲੀ ਹਿੰਸਾ ਪਿੱਛੋਂ ਟਵਿੱਟਰ, ਫੇਸਬੁੱਕ ਅਤੇ ਇੰਸਟਾਗ੍ਰਾਮ ਨੇ ਆਪੋ-ਆਪਣੇ ਪਲੇਟਫਾਰਮਾਂ ਉੱਤੇਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਕਾਊਂਟਸ ਪਹਿਲਾਂ ਫਰੀਜ਼ ਕਰ ਦਿੱਤੇ, ਫਿਰ ਯੂਟਿਊਟ ਉੱਤੇ ਵੀ ਟਰੰਪ ਦਾ ਅਕਾਊਂਟ ਬੈਨ ਕਰ ਦਿੱਤਾ ਗਿਆ ਸੀ। ਹਿੰਸਾ ਬਾਰੇ ਉਨ੍ਹਾਂ ਦੇ ਆਧਾਰਹੀਣ ਦਾਅਵੇ ਰੋਕਣ ਲਈ ਇਹ ਕਦਮ ਚੁੱਕਿਆ ਗਿਆ ਸੀ ਤੇ ਫੇਸਬੁੱਕ ਨੇ ਕਿਹਾ ਸੀ ਕਿ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਦੇ ਸਹੁੰ ਚੁੱਕਣ ਤਕਇਹ ਅਕਾਊਂਟ ਬੰਦ ਰਹੇਗਾ। ਇਸ ਕਾਰਵਾਈ ਤੋਂ ਬਾਅਦ ਡੋਨਾਲਡ ਟਰੰਪ ਇਸ ਦੀ ਵਰਤੋਂ ਨਹੀਂ ਕਰ ਸਕਦੇ ਅਤੇ ਨਾ ਇਸ ਪਲੇਟਫਾਰਮ ਉੱਤੇ ਉਨ੍ਹਾਂ ਦਾ ਕੋਈ ਕੰਟੈਂਟ ਦਿਖਾਈ ਦੇ ਸਕਦਾ ਸੀ। ਵੀਡੀਓ ਸ਼ੇਅਰਿੰਗ ਐਪ ਯੂਟਿਊਬ ਨੇ ਵੀ ਆਪਣੀਆਂ ਨੀਤੀਆਂ ਦੀ ਉਲੰਘਣਕੀਤੇ ਜਾਣ ਉੱਤੇ ਘੱਟੋ-ਘੱਟ ਇਕ ਹਫ਼ਤੇ ਲਈ ਡੋਨਾਲਡ ਟਰੰਪ ਦੇ ਚੈਨਲ ਕੰਟੈਂਟ ਨੂੰ ਪੋਸਟ ਕਰਨ ਉੱਤੇ ਰੋਕ ਲਾ ਦਿੱਤੀ ਸੀ। ਇਸ ਤਰ੍ਹਾਂ ਟਰੰਪ ਉੱਤੇ ਕਰੀਬ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਰੋਕ ਲਾ ਦਿੱਤੀ ਸੀ। ਡੋਨਾਲਡ ਟਰੰਪ ਨੇ ਇਸ ਦੇ ਬਾਅਦ ਇੱਕ ਹੋਰ ਸੋਸ਼ਲ ਮੀਡੀਆ ਪਲੇਟਫਾਰਮ 'ਗੈਬ' ਦੇ ਰਾਹੀਂ ਆਪਣੀ ਸਮੁੱਚੀ ਸਰਗਰਮੀ ਸ਼ੁਰੂ ਕਰ ਦਿੱਤੀ ਹੈ, ਜਿਸ ਦੇ ਬਾਅਦ ਉਸ ਦੇ ਸਮੱਰਥਕ ਵੀ ਏਧਰ ਸਰਗਰਮ ਹੋਣ ਲੱਗੇ ਹਨ।

## ਨਿਊਯਾਰਕ ਅਸੈਂਬਲੀ ਵੱਲੋਂ ਕਸ਼ਮੀਰ ਮੁੱਦੇ ਉੱਤੇ ਭਾਰਤ ਨੂੰ ਚਿੜਾਉਣ ਵਾਲਾ ਮਤਾ ਪਾਸ

*** ਮਤਾ ਪਾਸ ਕਰਨ ਦੀ ਭਾਰਤ ਵੱਲੋਂ ਆਲੋਚਨਾ**

ਨਿਊਯਾਰਕ, 7 ਫਰਵਰੀ, (ਪੋਸਟ ਬਿਊਰੋ)- ਭਾਰਤ ਨੇ ਅਮਰੀਕਾ ਦੀ ਨਿਊਯਾਰਕ ਅਸੈਂਬਲੀ ਵਿਚ ਕਸ਼ਮੀਰ ਮੁੱਦੇ ਬਾਰੇ ਪਾਸ ਕੀਤੇ ਮਤੇ ਦੀ ਸਖ਼ਤ ਨਿੰਦਾ ਕੀਤੀ ਅਤੇ ਤਿੱਖੀ ਪ੍ਰਤੀਕਿਰਿਆ ਦੇਂਦੇ ਹੋਏ ਕਿਹਾ ਕਿ ਇਹ ਭਾਰਤੀ ਲੋਕਾਂ ਨੂੰ ਵੰਡਣ ਲਈ ਸਵਾਰਥੀ ਲੋਕਾਂ ਵੱਲੋਂ ਜੰਮੂ-ਕਸ਼ਮੀਰ ਦੇ ਖ਼ੁਸ਼ਹਾਲ ਸੱਭਿਆਚਾਰਕ ਤੇ ਸਮਾਜਿਕ ਤਾਣੇ-ਬਾਣੇ ਦੀ ਗ਼ਲਤ ਵਿਆਖਿਆਕਰਨ ਦਾ ਯਤਨ ਹੈ। ਵਰਨਣ ਯੋਗ ਹੈ ਕਿ ਤਿੰਨ ਫਰਵਰੀ ਨੂੰ ਨਿਊਯਾਰਕ ਅਸੈਂਬਲੀ ਦੇ ਗਵਰਨਰ ਐਂਡਰਿਊ ਕੁਓਮੋ ਨੇ ਪੰਜ ਫਰਵਰੀ ਨੂੰ 'ਕਸ਼ਮੀਰ-ਅਮਰੀਕਾ ਡੇਅ' ਐਲਾਨ ਕਰਨ ਦੀ ਅਪੀਲ ਦਾ ਇਕ ਮਤਾ ਪਾਸ ਕੀਤਾ ਸੀ।

ਵਾਸ਼ਿੰਗਟਨ ਵਿੱਚ ਭਾਰਤੀ ਦੂਤਘਰ ਦੇ ਇਕ ਬੁਲਾਰੇ ਨੇ ਇਸ ਮਤੇ ਉੱਤੇ ਸਖ਼ਤ ਵਿਰੋਧ ਪ੍ਰਗਟ ਕਰਦੇ ਹੋਏ ਕਿਹਾ ਕਿ "ਅਸੀਂ 'ਕਸ਼ਮੀਰ ਅਮਰੀਕਾ ਡੇਅ' ਬਾਰੇ ਨਿਊਯਾਰਕ ਅਸੈਂਬਲੀ ਦਾ ਪਾਸ ਕੀਤਾ ਮਤਾ ਦੇਖਿਆ ਹੈ, ਅਮਰੀਕਾ ਵਾਂਗ ਭਾਰਤ ਵੀ ਲੋਕਤੰਤਰੀ ਦੇਸ਼ ਹੈ। ਇਹਜੰਮੂ-ਕਸ਼ਮੀਰ ਸਮੇਤ ਆਪਣੇ ਖ਼ੁਸ਼ਹਾਲ ਸੱਭਿਆਚਾਰ ਤਾਣੇ-ਬਾਣੇ ਅਤੇ ਆਪਣੀ ਵਿਭਿੰਨਤਾ ਦਾ



ਉਤਸਵ ਮਨਾਉਂਦਾ ਹੈ। ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਵੱਖ ਨਹੀਂ ਕੀਤਾ ਜਾ ਸਕਦਾ।" ਬੁਲਾਰੇ ਨੇ ਕਿਹਾ ਕਿ ਅਸੀਂ ਭਾਰਤ-ਅਮਰੀਕਾ ਭਾਈਵਾਲੀ ਅਤੇ ਵਿਭਿੰਨਤਾ ਭਰੇ ਭਾਰਤੀ ਭਾਈਚਾਰੇ ਨਾਲ ਜੁੜਦੇ ਸਾਰੇ ਮਾਮਲਿਆਂ ਉੱਤੇ ਨਿਊਯਾਰਕ ਰਾਜ ਵਿਚ ਲੋਕਾਂ ਵੱਲੋਂ ਚੁਣੇ ਪ੍ਰਤੀਨਿਧਾਂ ਨਾਲ ਗੱਲ ਕਰਾਂਗੇ। ਦੂਸਰੇ ਪਾਸੇ ਨਿਊਯਾਰਕ ਵਿਚ ਪਾਕਿਸਤਾਨ ਦੇ ਵਪਾਰਕ ਕੌਂਸਲਰ ਜਨਰਲ ਨੇ ਟਵੀਟ ਕਰ ਕੇ ਇਸ ਭਾਰਤ ਵਿਰੋਧੀ ਮਤੇ ਨੂੰ ਪਾਸ ਕਰਵਾਉਣ ਲਈ 'ਦ ਅਮੇਰੀਕਨ ਪਾਕਿਸਤਾਨੀ ਐਡਵੋਕੇਸੀ ਗਰੁੱਪ' ਦੀ ਸ਼ਲਾਘਾ ਕੀਤੀ ਹੈ।

ਵਰਨਣ ਯੋਗ ਹੈ ਕਿ ਪਾਕਿ-ਸਤਾਨ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਨੂੰਭਾਰਤ ਸਪੱਸ਼ਟ ਕਹਿ ਚੁੱਕਾ ਹੈ ਕਿ ਜੰਮੂ ਕਸ਼ਮੀਰਰਾਜ ਤੋਂ ਧਾਰਾ 370 ਹਟਾਉਣਾ ਉਸ ਦਾ ਅੰਦਰੂਨੀ ਮਾਮਲਾ ਹੈ ਅਤੇ ਉਸ ਨੇ ਪਾਕਿਸਤਾਨ ਨੂੰ ਇਸ ਦੀ ਹਕੀਕਤ ਪ੍ਰਵਾਨ ਕਰ ਕੇ ਭਾਰਤ ਵਿਰੋਧੀ ਪ੍ਰਚਾਰ ਬੰਦ ਕਰਨ ਦੀ ਸਲਾਹ ਦਿੱਤੀਹੋਈ ਹੈ।

ਨਿਯੂਯਾਰਕ ਅਸੈਂਬਲੀ ਵੱਲੋਂ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਹੈ ਕਿ 'ਕਸ਼ਮੀਰੀ ਲੋਕਾਂ ਨੇ ਹਰ ਕਠਿਨਾਈ ਨੂੰ ਪਾਰ ਕੀਤਾ ਅਤੇ ਦ੍ਰਿੜ੍ਹਤਾ ਦਾ ਸਬੂਤ ਦਿੱਤਾ ਹੈ ਅਤੇ ਆਪਣੇ ਆਪ ਨੂੰ ਨਿਊਯਾਰਕ ਪਰਵਾਸੀ ਭਾਈਚਾਰਿਆਂ ਦੇ ਇਕ ਥੰਮ੍ਹ ਵਜੋਂ ਸਥਾਪਤ ਕੀਤਾ ਹੈ। ਨਿਊਯਾਰਕ ਰਾਜ ਵੱਖ-ਵੱਖ ਸੱਭਿਆਚਾਰਕ, ਜਾਤੀ ਤੇ ਧਾਰਮਿਕ ਪਛਾਣਾਂ ਨੂੰ ਮਾਨਤਾ ਦੇ ਕੇ ਸਾਰੇ ਕਸ਼ਮੀਰੀ ਲੋਕਾਂ ਨੂੰ ਧਾਰਮਿਕ, ਆਵਾਜਾਈ ਅਤੇ ਵਿਚਾਰਾਂ ਦੀ ਆਜ਼ਾਦੀ ਸਮੇਤ ਮਨੁੱਖੀ ਅਧਿਕਾਰਾਂ ਦਾ ਸਮੱਰਥਨ ਕਰਨ ਲਈ ਯਤਨਸ਼ੀਲ ਹੈ। ਇਸ ਮਤੇ ਨੂੰ ਭਾਰਤ ਨੇ ਠੀਕ ਨਹੀਂ ਮੰਨਿਆ।



## ਅ ਅੱਜ ਨਾਮਾ >>

ਕੋਈ ਨਹੀਂ ਜਾਣਦਾ ਭਲਕ ਨੂੰ ਕੀ ਹੋਣਾ,
ਕਿਹੜੀ ਬਾਤ ਦੇ ਮਿਲਣ ਸੰਕੇਤ ਮੀਆਂ।
ਫਸਲ ਲੁੱਟੀ ਕਿਰਸਾਨ ਦੀ ਨਿੱਤ ਜਾਂਦੀ,
ਬਚਣੇ ਹਨ ਕਿ ਪਤਾ ਨਹੀਂ ਖੇਤ ਮੀਆਂ।
ਆਉਂਦਾ ਵਾਢੀ ਦਾ ਜਾਂਵਦਾ ਵਕਤ ਨੇੜੇ,
ਬਚਦੇ ਬਾਕੀ ਆ ਫੱਗਣ ਤੇ ਚੇਤ ਮੀਆਂ।
ਕਿਹੜੀ ਚਾਲ ਆ ਖੇਡਣੀ ਕਦੋਂ ਉਸ ਨੇ,
ਦਿੱਤਾ ਮੋਦੀ ਨਹੀਂ ਕਿਸੇ ਨੂੰ ਭੇਤ ਮੀਆਂ।
ਹਾਕਮ ਚਾਹਿਆ ਸੀ ਲੋਕਾਂ ਦੇ ਦਰਦ ਵਾਲਾ,
ਮਿਲਿਆ ਇਹਦੇ ਤੋਂ ਉਲਟ ਨਸੀਬ ਮੀਆਂ।
ਰੱਜਿਆਂ ਹੋਇਆਂ ਨੂੰ ਹੋਰ ਰਜਾਉਣ ਵਾਲਾ,
ਚੁਣ-ਚੁਣ ਲੱਗਿਆ ਮਾਰਨ ਗਰੀਬ ਮੀਆਂ।

ਤੀਸ ਮਾਰ ਖਾਂ

# ਵੀਜ਼ਾ ਲੈ ਕੇ ਪਾਕਿ ਗਏ ਕਰੀਬ 100 ਕਸ਼ਮੀਰੀ ਨੌਜਵਾਨਾਂ ਦਾ ਅਤਾ-ਪਤਾ ਨਹੀਂ ਲੱਗਦਾ

*** ਭਾਰਤ ਦੀਆਂ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧੀ**

ਜੰਮੂ, 7 ਫਰਵਰੀ, (ਪੋਸਟ ਬਿਊਰੋ)- ਪਿਛਲੇ ਤਿੰਨ ਸਾਲਾਂ ਵਿੱਚ ਵੀਜ਼ਾ ਲੈ ਕੇ ਪਾਕਿਸਤਾਨ ਗਏ ਕਰੀਬ 100 ਕਸ਼ਮੀਰੀਨੌਜਵਾਨਾਂ ਦਾ ਕੋਈ ਅਤਾ-ਪਤਾ ਨਹੀਂ ਲੱਗ ਰਿਹਾ। ਇਸ ਨਾਲ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧ ਗਈ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਇਹ ਨੌਜਵਾਨ ਅੱਤਵਾਦੀ ਜਥੇਬੰਦੀਆਂ ਦੇ ਹੱਥੀਂ ਚੜ੍ਹ ਕੇ ਸਲੀਪਰ ਸੈੱਲ ਦਾ ਕੰਮ ਤਾਂ ਨਹੀਂ ਕਰ ਰਹੇ। ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਦੇ ਅੱਤਵਾਦੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੇ ਸੁਰਾਗ ਵੀ ਮਿਲੇ ਹਨ।

ਸੁਰੱਖਿਆ ਏਜੰਸੀਆਂ ਨੇ ਅੰਮ੍ਰਿਤਸਰ ਵਿੱਚ ਵਾਹਗਾ ਬਾਰਡਰ ਤੇ ਨਵੀਂ ਦਿੱਲੀ ਹਵਾਈ ਅੱਡੇ ਤੋਂ ਇਸ ਮਾਮਲੇ ਨਾਲ ਸਬੰਧਤ ਅਧਿਕਾਰੀਆਂ ਤੋਂ ਅਜਿਹੇ ਸਾਰੇ ਕਸ਼ਮੀਰੀ ਨੌਜਵਾਨਾਂ ਦੀ ਜਾਣਕਾਰੀ ਲਈ ਤਾਂ ਪਤਾ ਲੱਗਾ ਹੈ ਕਿ ਸੌ ਦੇ ਕਰੀਬ ਨੌਜਵਾਨਾਂ ਵਿਚੋਂ ਕੁਝ ਪਰਤੇ ਜ਼ਰੂਰ ਹਨ, ਪਰ ਲਾਪਤਾ ਹਨ, ਉਨ੍ਹਾਂ ਦੀ ਕਿਸੇ ਨੂੰ ਜਾਣਕਾਰੀ ਨਹੀਂ। ਸ਼ੱਕਓਦੋਂਹੋਰ ਪੱਕਾ ਹੋਇਆ,



ਜਦੋਂ ਬੀਤੇ ਸਾਲ ਅਪ੍ਰੈਲ ਵਿਚ ਪੰਜ ਅੱਤਵਾਦੀ ਕਸ਼ਮੀਰ ਦੇ ਹੰਦਵਾੜਾ ਵਿਚ ਸੁਰੱਖਿਆ ਬਲਾਂ ਨਾਲ ਹੋਏ ਇੱਕ ਮੁਕਾਬਲੇ ਦੌਰਾਨ ਮਾਰੇ ਗਏ ਸਨ। ਉਨ੍ਹਾਂ ਵਿਚੋਂ ਇਕ ਜਣਾ 2018 ਵਿਚ ਪਾਕਿਸਤਾਨ ਗਿਆ ਸੀ, ਪਰ ਵਾਪਸ ਨਹੀਂ ਸੀ ਪਰਤਿਆ। ਪਹਿਲੀ ਅਪ੍ਰੈਲ ਤੋਂ ਬਾਅਦ ਦੱਖਣੀ ਕਸ਼ਮੀਰ ਦੇ ਸ਼ੋਪੀਆਂ, ਕੁਲਗਾਮ ਅਤੇ ਅਨੰਤਨਾਗ ਜ਼ਿਲ੍ਹਿਆਂ ਦੇ ਨੌਜਵਾਨ ਘੁਸਪੈਠ ਕਰਨ ਵਾਲੇ ਅੱਤਵਾਦੀਆਂਵਿਚ ਸ਼ਾਮਲ ਮਿਲੇ ਸਨ।ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਲੋਕ ਸਲੀਪਰ ਸੈੱਲ ਵਜੋਂਆਪਣੇ ਪਾਕਿਸਤਾਨ ਵਿਚ ਬੈਠੇ ਆਪਣੇ ਆਕਾਵਾਂ ਦੇ ਇਸ਼ਾਰੇ ਉੱਤੇ ਕੰਮ ਕਰ ਰਹੇ ਹਨ।

ਇਸ ਬਾਰੇਸੁਰੱਖਿਆਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਤਵਾਦੀ ਗੁੱਟਾਂ ਵਿਚ ਸ਼ਾਮਲ ਹੋਣ ਵਾਲੇ ਨਵੇਂ ਨੌਜਵਾਨਾਂ ਨੂੰ ਛੇ ਹਫ਼ਤਿਆਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਇਸ ਦੌਰਾਨ ਕੁਝ ਨੌਜਵਾਨਾਂ ਨੂੰ ਧਮਾਕਾਖੇਜ਼ ਸਮੱਗਰੀ ਬਣਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕਈ ਅੱਤਵਾਦੀ ਗਰੁੱਪ ਨੌਜਵਾਨਾਂ ਨੂੰ ਭਰਤੀ ਕਰਨ ਦੀ ਸਾਜ਼ਿਸ਼ ਵੀ ਰਚਦੇ ਹਨ। ਜਿਹੜੇ ਨੌਜਵਾਨ ਲਾਪਤਾ ਹੋਏ ਹਨ, ਉਨ੍ਹਾਂ ਵਿਚੋਂ ਬਹੁਤੇ ਮੱਧ ਵਰਗ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ।

# ਜਨਵਰੀ ਵਿੱਚ ਕੈਨੇਡਾ ਵਿੱਚ ਖੁੱਸੀਆਂ 200,000 ਨੌਕਰੀਆਂ

ਓਟਵਾ, 7 ਫਰਵਰੀ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਰੋਜ਼ਗਾਰ ਨੂੰ ਅਜਿਹਾ ਖੋਰਾ ਲੱਗਣਾ ਸ਼ੁਰੂ ਹੋਇਆ ਕਿ ਜਨਵਰੀ ਵਿੱਚ 213000 ਨੌਕਰੀਆਂ ਖਤਮ ਹੋ ਗਈਆਂ। ਇਸ ਨਾਲ ਸਾਲ ਦੇ ਅੰਤ ਵਿੱਚ ਅਰਥਚਾਰੇ ਨੂੰ ਜਿਹੜਾ ਨੁਕਸਾਨ ਪਹੁੰਚਿਆ ਹੈ ਉਸ ਨਾਲ ਸਾਰਾ ਮੁਨਾਫਾ ਵੀ ਜਾਂਦਾ ਰਿਹਾ।




ਇਸ ਦੌਰਾਨ ਬੇਰੋਜ਼ਗਾਰੀ ਦਰ 0.6 ਫੀ ਸਦੀ ਪੁਆਇੰਟ ਤੋਂ ਵੱਧ ਕੇ 9.4 ਫੀ ਸਦੀ ਤੱਕ ਪਹੁੰਚ ਗਈ, ਜੋ ਕਿ ਅਗਸਤ ਤੋਂ ਲੈ ਕੇ ਹੁਣ ਤੱਕ ਸੱਭ ਤੋਂ ਵੱਧ ਹੈ। ਵਿੱਤੀ ਡਾਟਾ ਫਰਮ ਰੀਫਿਨੀਟਿਵ ਦਾ ਕਹਿਣਾ ਹੈ ਕਿ ਜਨਵਰੀ ਵਿੱਚ 47,500 ਰੋਜ਼ਗਾਰ ਦੇ ਮੌਕੇ ਖ਼ਤਮ ਹੋਣ ਦਾ ਅੰਦੇਸ਼ਾ ਸੀ, ਜਿਸ ਨਾਲ ਬੇਰੋਜ਼ਗਾਰੀ ਦਰ 8.9 ਫੀ ਸਦੀ ਤੱਕ ਪਹੁੰਚਣ ਦੀ ਸੰਭਾਵਨਾ ਸੀ।ਸੱਭ ਤੋਂ ਵੱਧ ਨੁਕਸਾਨ ਓਨਟਾਰੀਓ ਤੇ ਕਿਊਬਿਕ ਵਿੱਚ ਹੋਇਆ। ਲਾਕਡਾਊਨ ਤੇ ਪਾਬੰਦੀਆਂ ਦੇ ਚੱਲਦਿਆਂ ਕਈ ਰੀਟੇਲ ਸੈਕਟਰ ਦੇ ਕਈ ਕਾਰੋਬਾਰ ਬੰਦ ਹੋ ਗਏ।

ਸਰਵਿਸ ਸੈਕਟਰ ਤੇ ਪਾਰਟ ਟਾਈਮ ਵਰਕ ਵਿੱਚ ਹੋਈਆਂ ਵੱਡੀਆਂ ਕਟੌਤੀਆਂ ਤੇ ਨਕਾਰੇ ਗਏ ਰੋਜ਼ਗਾਰ ਕਾਰਨ ਅਪਰੈਲ ਤੋਂ ਹੀ ਰੋਜ਼ਗਾਰ ਵਿੱਚ ਭਾਰੀ ਕਮੀ ਆਈ, ਉਸ ਸਮੇਂ ਦੋ ਮਿਲੀਅਨ ਨੌਕਰੀਆਂ ਖੁੱਸੀਆਂ।

# 2022 ਤੱਕ ਕੈਨੇਡੀਅਨ ਪਾਣੀਆਂ ਵਿੱਚ ਨਹੀਂ ਚੱਲ ਸਕਣਗੇ ਕਰੂਜ਼ ਸ਼ਿੱਪਜ਼

ਓਟਵਾ, 7 ਫਰਵਰੀ (ਪੋਸਟ ਬਿਊਰੋ) : ਟਰਾਂਸਪੋਰਟ ਕੈਨੇਡਾ ਵੱਲੋਂ ਅਗਲੀ ਫਰਵਰੀ ਤੱਕ ਕਰੂਜ਼ ਸ਼ਿੱਪਜ਼ ਉੱਤੇ ਪਾਬੰਦੀ ਲਾਈ ਗਈ ਹੈ। ਜਿਸ ਤੋਂ ਇਹ ਭਾਵ ਹੈ ਕਿ 2021 ਦਾ ਪੂਰਾ ਸੀਜ਼ਨ ਹੀ ਖ਼ਤਮ ਕੀਤਾ ਜਾ ਰਿਹਾ ਹੈ।




ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਅਜੇ ਵੀ ਦਿਨੋਂ ਦਿਨ ਵੱਧ ਘਟ ਰਹੀ ਕੋਵਿਡ-19 ਮਹਾਂਮਾਰੀ ਦੀ ਅਸਲ ਸਥਿਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਮਰੀਨ ਤੇ ਟੂਰਿਜ਼ਮ ਸੈਕਟਰ ਉੱਤੇ ਇਸ ਦੇ ਪੈਣ ਵਾਲੇ ਪ੍ਰਭਾਵ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ। ਦੋ ਨਵੇਂ ਅੰਤਰਿਮ ਆਰਡਰਜ਼ ਦਾ ਐਲਾਨ ਕੀਤਾ ਗਿਆ ਹੈ ਜਿਸ ਨਾਲ ਕੈਨੇਡੀਅਨ ਆਰਕਟਿਕ ਪਾਣੀਆਂ ਵਿੱਚ 28 ਫਰਵਰੀ 2022 ਤੱਕ ਪਲੇਯਰ ਕ੍ਰਾਫਟ ਤੇ ਮਨੋਰੰਜਨ ਲਈ ਕਰੂਜ਼ ਸ਼ਿੱਪਜ਼ ਆਦਿ ਨੂੰ ਉਤਾਰਨ ਦੀ ਮਨਾਹੀ ਹੋਵੇਗੀ।

ਨਿੱਕੇ ਕਰੂਜ਼ ਸ਼ਿੱਪਜ਼, ਜਿਸ ਵਿੱਚ 100 ਜਾਂ ਘੱਟ ਲੋਕਾਂ ਨੂੰ ਲਿਜ-ਾਇਆ ਜਾ ਸਕਦਾ ਹੈ, ਉੱਤੇ ਕੋਈ ਪਾਬੰਦੀ ਨਹੀਂ ਹੋਵੇਗੀ ਪਰ ਉਨ੍ਹਾਂ ਨੂੰ ਆਪਣੇ ਹੋਮ ਪ੍ਰੋਵਿੰਸਾਂ ਜਾਂ ਟੈਰੇਟਰੀਜ਼ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ। ਐਟਲਾਂਟਿਕ ਕੈਨੇਡਾ ਕਰੂਜ਼ ਐਸੋਸਿਏਸ਼ਨ (ਏਸੀਸੀਏ) ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰਾਂ ਨੂੰ ਆਸ ਹੈ ਕਿ ਜਦੋਂ ਸਹੀ ਸਮਾਂ ਹੋਵੇਗਾ ਤੇ ਹਾਲਾਤ ਠੀਕ ਹੋਣਗੇ ਤਾਂ ਕਰੂਜ਼ ਵਾਪਿਸ ਸ਼ੁਰੂ ਹੋ ਜਾਣਗੇ ਤੇ ਕਾਰੋਬਾਰ ਵੀ ਚੰਗਾ ਰਹੇਗਾ। ਇਹ ਵੀ ਆਖਿਆ ਗਿਆ ਕਿ ਸਾਰੇ ਕੈਨੇਡੀਅਨ ਪੋਰਟਸ ਦਾ ਇੰਡਸਟਰੀ, ਕਮਿਊਨਿਟੀਜ਼ ਤੇ ਸਰਕਾਰਾਂ ਨਾਲ ਰਲ ਕੇ ਕਰੂਜ਼ਿੰਗ ਵਿੱਚ ਮੁੜ ਵਿਸ਼ਵਾਸ ਪੈਦਾ ਕਰਨਾ ਬਹੁਤ ਮੁਸ਼ਕਲ ਹੈ।

ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਦਾ ਕਹਿਣਾ ਹੈ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਤੇ ਕਮਜ਼ੋਰ ਕਮਿਊਨਿਟੀਜ਼ ਦੀ ਹਿਫਾਜ਼ਤ ਲਈ ਇਹ ਪਾਬੰਦੀ ਜ਼ਰੂਰੀ ਹੈ।ਇਸ ਰਲੀਜ਼ ਵਿੱਚ ਕੈਨੇਡੀਅਨਾਂ ਨੂੰ ਹੋਰਨਾਂ ਥਾਂਵਾਂ ਉੱਤੇ ਟਰੈਵਲ ਕਰਨ ਤੋਂ ਵੀ ਵਰਜਿਆ ਗਿਆ।

# ਐਨਡੀਪੀ ਨੇ ਮੁਨਾਫੇ ਵਾਲੀ ਲਾਂਗ ਟਰਮ ਕੇਅਰ ਨੂੰ ਖਤਮ ਕਰਨ ਦੀ ਕੀਤੀ ਮੰਗ




ਓਟਵਾ, 5 ਫਰਵਰੀ (ਪੋਸਟ ਬਿਊਰੋ) : ਐਨਡੀਪੀ ਵੱਲੋਂ 2030 ਤੱਕ ਮੁਨਾਫੇ ਲਈ ਕੀਤੀ ਜਾਣ ਵਾਲੀ ਲਾਂਗ ਟਰਮ ਕੇਅਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਵੱਲੋਂ ਇਹ ਮੰਗ ਚੋਣ ਵਾਅਦੇ ਵਜੋਂ ਪੇਸ਼ ਕੀਤੇ ਗਏ ਬਹੁ ਕਰੋੜੀ ਡਾਲਰ ਪਲੈਨ ਵਿੱਚ ਕੀਤੀ ਗਈ।

ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਨ ਉੱਤੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਆਗੂ, ਮਾਹਿਰ ਤੇ ਵਰਕਰ ਨਰਸਿੰਗ ਹੋਮਜ਼ ਲਈ ਕੌਮੀ ਮਾਪਦੰਡ ਕਾਇਮ ਕੀਤੇ ਜਾਣਗੇ। ਇਸ ਲਈ ਖਾਸ ਤੌਰ ਉੱਤੇ ਫੈਡਰਲ ਫੰਡਿੰਗ ਵਜੋਂ 5 ਬਿਲੀਅਨ ਡਾਲਰ ਖਰਚੇ ਜਾਣਗੇ।ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਤੈਅ ਕੀਤੇ ਜਾਣ ਤੇ ਫੰਡਰੇਜ਼ਿੰਗ ਵਿੱਚ ਵਾਧਾ ਕੀਤੇ ਜਾਣ ਨਾਲ ਚੋਣਾਂ ਦੀ ਸੰਭਾਵਨਾ ਨਜ਼ਰ ਆ ਰਹੀ ਹੈ।

ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਜਗਮੀਤ ਸਿੰਘ ਨੇ ਘੱਟਗਿਣਤੀ ਲਿਬਰਲ ਸਰਕਾਰ ਉੱਤੇ ਦੋਸ਼ ਲਾਇਆ ਕਿ ਹੈਲਥ ਕੇਅਰ ਨੂੰ ਬਣਦੇ ਫੰਡ ਨਹੀਂ ਦਿੱਤੇ ਜਾ ਰਹੇ ਤੇ ਅਜਿਹਾ ਕਰਕੇ ਵੱਡੀਆਂ ਕੰਪਨੀਆਂ ਤੇ ਸ਼ੇਅਰਹੋਲਡਰਜ਼ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ।ਜਗਮੀਤ ਸਿੰਘ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲਾਂਗ ਟਰਮ ਕੇਅਰ ਵਰਕਰਜ਼, ਰੈਜ਼ੀਡੈਂਟਸ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਾਅਦਾ ਕੀਤਾ ਸੀ ਕਿ ਲਾਂਗ ਟਰਮ ਕੇਅਰ ਲਈ ਉਹ ਵਧੀਆ ਫੰਡ ਮੁਹੱਈਆ ਕਰਵਾਉਣਗੇ। ਪਰ ਇਹ ਵਾਅਦਾ ਉਨ੍ਹਾਂ ਉਦੋਂ ਕੀਤਾ ਸੀ ਜਦੋਂ ਉਹ ਪ੍ਰਧਾਨ ਮੰਤਰੀ ਨਹੀਂ ਸਨ। ਉਨ੍ਹਾਂ ਇਹ ਵਾਅਦਾ ਤੋੜ ਦਿੱਤਾ।

# ਨਿਆਂਪਾਲਿਕਾ ਕੋਲ 56 ਲੱਖ ਕੇਸ, ਜੱਜਾਂ ਦੀ ਸਖਤ ਕਮੀ

ਇੰਦੌਰ, 7 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ 25 ਹਾਈ ਕੋਰਟਾਂ ਵਿੱਚ 56 ਲੱਖ ਤੋਂ ਵੱਧ ਮੁਕੱਦਮੇ ਪੈਂਡਿੰਗ ਹਨ, ਪਰ ਇਨ੍ਹਾਂ ਵਿੱਚੋਂ ਸੱਤ ਹਾਈ ਕੋਰਟਾਂ ਵਿੱਚ ਅੱਧੇ ਜੱਜ ਵੀ ਨਹੀਂ ਹਨ। ਹਾਲਤ ਇਹ ਹੈ ਕਿ ਮਨਜ਼ੂਰ 1079 ਅਹੁਦਿਆਂ ਦੇ ਮੁਕਾਬਲੇ ਜੱਜਾਂ ਦੀ ਗਿਣਤੀ ਸਿਰਫ 661 ਰਹਿ ਗਈ ਹੈ। 2020 ਵਿੱਚ ਸਿਰਫ 50 ਜੱਜਾਂ ਦੀ ਨਿਯੁਕਤੀ ਹੋਈ ਹੈ, ਜੋ ਬੀਤੇ ਚਾਰ ਸਾਲਾਂ ਵਿੱਚ ਸਭ ਤੋਂ ਘੱਟ ਹੈ। ਜੱਜਾਂ ਦੀ ਕਮੀ ਕਾਰਨ ਦੋ ਸਾਲ ਪਹਿਲਾਂ ਤੱਕ ਪ੍ਰਤੀ ਜੱਜ 6700 ਪੈਂਡਿੰਗ ਕੇਸਾਂ ਦੀ ਔਸਤ 8500 ਹੋ ਗਈ ਹੈ। ਸਾਰੇ ਹਾਈ ਕੋਰਟਾਂ ਵਿੱਚ ਰੋਜ਼ ਲਗਭਗ 45 ਹਜ਼ਾਰ ਕੇਸ ਲਿਸਟ ਵਿੱਚ ਆਉਂਦੇ ਹਨ। ਜੇ ਮਨਜ਼ੂਰ ਅਹੁਦੇ ਭਰੇ ਜਾਣ ਤਾਂ ਰੋਜ਼ਾਨਾ ਸੱਤਰ ਹਜ਼ਾਰ ਮੁਕੱਦਮਿਆਂ ਦੀ ਸੁਣਵਾਈ ਹੋ ਸਕੇਗੀ।

ਸਾਲ 2021 ਵਿੱਚ ਜਿੱਥੇ ਨੱਬੇ ਜੱਜ ਰਿਟਾਇਰ ਹੋਣੇ ਹਨ, ਉਥੇ ਕਾਰ-ਜਕਾਲ ਖਤਮ ਹੋਣ ਨੇੜੇ ਪੁੱਜੇ 60 ਵਧੀਕ ਜੱਜਾਂ ਨੂੰ ਪਰਮਾਨੈਂਟ ਕੀਤਾ ਜਾਣਾ ਹੈ। ਸੁਪਰੀਮ ਕੋਰਟ ਨੇ 2002 ਵਿੱਚ ਹਾਈ ਕੋਰਟ ਜਜੇਸ ਐਸੋਸੀਏਸ਼ਨ ਦੀ ਪਟੀਸ਼ਨ 'ਤੇ ਫੈਸਲਾ ਸੁਣਾਉਂਦੇ ਹੋਏ ਮੰਨਿਆ ਸੀ ਕਿ ਹਰ 10 ਲੱਖ ਆਬਾਦੀ 'ਤੇ 50 ਜੱਜ ਹੋਣੇ ਚਾਹੀਦੇ ਹਨ, ਪਰ ਹਾਲੇ ਮਸਾਂ 10 ਜੱਜ ਹਨ। ਇਹੀ ਕਾਰਨ ਹੈ ਕਿ ਹਾਈ ਕੋਰਟ ਵਿੱਚ ਇੱਕ ਕੇਸ ਦਾ ਫੈਸਲਾ ਆਉਣ ਵਿੱਚ ਔਸਤਨ ਚਾਰ ਸਾਲ ਹੇਠਲੀਆਂ ਅਦਾਲਤਾਂ ਸਮੇਤ ਫੈਸਲੇ ਦਾ ਔਸਤਨ ਸਮਾਂ ਸੱਤ-ਸੱਤ ਸਾਲ ਤੱਕ ਪਹੁੰਚ ਚੁੱਕਾ ਹੈ।

ਜੱਜਾਂ ਦੀ ਕਮੀ ਦਾ ਕਾਰਨ ਇਹ ਹੈ ਕਿ ਸੁਪਰੀਮ ਕੋਰਟ ਕਾਲੇਜੀਅਮ ਹਾਈ ਕੋਰਟ ਕਾਲੇਜੀਅਮ ਤੋਂ ਆਈਆਂ 35 ਫੀਸਦੀ ਸਿਫਾਰਸ਼ਾਂ ਰੱਦ ਕਰ ਦਿੰਦੀ ਹੈ। ਕੇਂਦਰ ਸਰਕਾਰ ਵੀ ਕਈ ਮਾਮਲਿਆਂ ਨੂੰ ਨਾ-ਮਨਜ਼ੂਰ ਕਰ ਕੇ ਵਾਪਸ ਸੁਪਰੀਮ ਕੋਰਟ ਕੋਲ ਭੇਜ ਦਿੰਦੀ ਹੈ। ਪਿਛਲੇ ਸਾਲ 20 ਤੋਂ ਵੱਧ ਨਾਂਅ ਅਜਿਹੇ ਸਨ, ਜਿਨ੍ਹਾਂ ਦੀ ਕਾਲੇਜੀਅਮ ਤੋਂ ਦੋਬਾਰਾ ਸਿਫਾਰਸ਼ ਮਿਲਣ ਦੇ ਬਾਅਦ ਸੁਪਰੀਮ ਕੋਰਟ ਇਨ੍ਹਾਂ ਨੂੰ ਕੇਂਦਰ ਸਰਕਾਰ ਨੂੰ ਭੇਜਣ ਵਿੱਚ ਔਸਤਨ ਚਾਰ ਮਹੀਨੇ (119 ਦਿਨ) ਲਗਾ ਦਿੰਦਾ ਹੈ। ਨਿਯੁਕਤੀ ਤੋਂ ਪਹਿਲੇ ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਤੇ ਸ਼ਿਕਾਇਤਾਂ ਆਦਿ ਦੀ ਜਾਂਚ ਵਿੱਚ ਵੀ ਲੰਬਾ ਸਮਾਂ ਲੱਗਦਾ ਹੈ। ਕਾਨੂੰਨ ਮੰਤਰਾਲਾ ਵੀ ਸਿਫਾਰਸ਼ ਰਾਸ਼ਟਰਪਤੀ ਦੇ ਕੋਲ ਭੇਜਣ ਵਿੱਚ ਲਗਭਗ ਇੰਨਾ ਸਮਾਂ (127 ਦਿਨ) ਲੈ ਲੈਂਦਾ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਖਾਲੀ ਅਹੁਦਿਆਂ ਦਾ ਮੁਲਾਂਕਣ ਕਰ ਕੇ ਹਾਈ ਕੋਰਟ ਤੋਂ ਛੇ ਮਹੀਨੇ ਦੀ ਥਾਂ ਸਾਲ ਕੁ ਪਹਿਲਾਂ ਹੀ ਪ੍ਰਸਤਾਵ ਆਉਣੇ ਚਾਹੀਦੇ ਹਨ। ਨਿਯੁਕਤੀ ਪ੍ਰਕਿਰਿਆ ਦਾ ਸਮਾਂ 6 ਤੋਂ 8 ਮਹੀਨੇ ਤੱਕ ਵੀ ਹੋ ਸਕੇ ਤਾਂ ਸੁਧਾਰ ਹੋ ਸਕਦਾ ਹੈ। ਹਾਲ ਦੀ ਘੜੀ 56 ਲੱਖ ਪੈਂਡਿੰਗ ਕੇਸਾਂ ਵਿੱਚੋਂ ਲਗਭਗ ਇੱਕ ਲੱਖ ਕੇਸ ਤੀਹ ਸਾਲ ਪੁਰਾਣੇ ਹਨ। ਚਾਰ ਤੋਂ 10 ਸਾਲ ਵਿਚਾਲੇ ਦੇ ਕੇਸਾਂ ਦੀ ਗਿਣਤੀ 10 ਲੱਖ ਹੈ। ਕਰੀਬ 20 ਫੀਸਦੀ ਯਾਨੀ ਹਰ ਪੰਜਵੇਂ ਮੁਕੱਦਮੇ ਨੂੰ ਫੈਸਲੇ ਦੀ ਇੰਤਜ਼ਾਰ ਵਿੱਚ 10 ਸਾਲ ਹੋ ਚੁੱਕੇ ਹਨ।ਅਜੋਕੇ ਦੌਰ 'ਚ ਪਟਨਾ, ਆਂਧਰਾ ਪ੍ਰਦੇਸ਼, ਝਾਰਖੰਡ ਅਤੇ ਰਾਜਸਥਾਨ ਵਿੱਚ ਸੁਣਵਾਈ ਦੇ ਲਈ ਔਸਤਨ ਦੋ-ਤਿੰਨ ਮਿੰਟ ਮਿਲਦੇ ਹਨ, ਉਥੇ ਹੀ ਇਲਾਹਾ-ਬਾਦ, ਗੁਜਰਾਤ, ਕਰਨਾਟਕ, ਐਮ ਪੀ ਅਤੇ ਉੜੀਸਾ ਵਿੱਚ ਇਹ ਔਸਤ ਸਮਾਂ ਚਾਰ-ਪੰਜ ਮਿੰਟ ਹੈ।

# ਦਾਜ ਨਾ ਮਿਲਣ ਉੱਤੇ ਵਿਆਹੁਤਾ ਨੂੰ ਧੋਖੇ ਨਾਲ ਪੇਕੇ ਛੱਡਣ ਵਾਲੇ ਪਤੀ ਅਤੇ ਸੱਸ ਵਿਰੁੱਧ ਕੇਸ ਦਰਜ

ਲੁਧਿਆਣਾ, 7 ਫਰਵਰੀ (ਪੋਸਟ ਬਿਊਰੋ)- ਦਾਜ ਨਾ ਮਿਲਣ ਕਾਰਨ ਵਿਆਹ ਦੇ ਇੱਕ ਸਾਲ ਬਾਅਦ ਮਹਿਲਾ ਨੂੰ ਸਹੁਰੇਪਰਵਾਰ ਵੱਲੋਂ ਧੋਖੇ ਨਾਲ ਉਸ ਦੇਪੇਕੇ ਘਰ ਛੱਡ ਦਿੱਤਾ ਗਿਆ ਹੈ।

ਮਨਕੀਰਨ ਕੌਰ ਵਾਸੀ ਜਨਤਾ ਨਗਰ ਨੇ ਥਾਣਾ ਵੂਮੈਨ ਸੈਲ ਦੀ ਪੁਲਸ ਨੂੰ ਲਿਖਤੀ ਸ਼ਿਕਾਇਤ ਵਿੱਚ ਆਪਣੇ ਪਤੀ, ਸੱਸ, ਸਹੁਰੇ, ਦਿਓਰ 'ਤੇ ਉਸ ਨੂੰ ਦਾਜ ਦੇ ਲਈ ਤੰਗ ਕਰਨ ਦੇ ਦੋਸ਼ ਲਾਏ ਸਨ। ਉਸ ਨੇ ਦੱਸਿਆ ਕਿ ਉਸ ਦਾ ਵਿਆਹ ਹਰਪ੍ਰੀਤ ਸਿੰਘ ਵਾਸੀ ਪ੍ਰਤਾਪ ਨਗਰ ਨਾਲ 19 ਫਰਵਰੀ 2019 ਨੂੰ ਹੋਇਆ ਸੀ, ਜਿਸ ਵਿੱਚ ਉਸ ਦੇ ਪਰਵਾਰ ਨੇ ਸਹੁਰੇ ਪਰਵਾਰ ਦੀ ਹਰ ਮੰਗ ਪੂਰੀ ਕਰਦੇ ਹੋਏ 15 ਲੱਖ ਰੁਪਏ ਖਰਚ ਕੀਤੇ ਸਨ। ਇਸ ਦੇ ਬਾਵਜੂਦ ਸਹੁਰੇ ਉਸ ਨੂੰ ਦਾਜ ਦੇ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰੇਸ਼ਾਨ ਕਰਦੇ ਸਨ ਅਤੇ ਉਸ ਨਾਲ ਮਾੜਾ ਸਲੂਕ ਕਰਦੇ ਸਨ। ਜਦਪੇਕੇ ਪਰਵਾਰ ਨੇਸਹੁਰੇ ਪਰਵਾਰ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ। ਕੁਝ ਦਿਨ ਬਾਅਦ ਸਹੁਰੇ ਪਰਵਾਰ ਵਾਲੇ ਨੂੰਹ ਨੂੰ ਵੀ ਧੋਖੇ ਨਾਲ ਪੇਕੇ ਘਰ ਦੇ ਬਾਹਰ ਛੱਡ ਕੇ ਚਲੇ ਗਏ।ਜਾਂਚ ਅਧਿਕਾਰੀ ਵੀਨਾ ਰਾਣੀ ਨੇ ਦੱਸਿਆ ਕਿ ਮਨਕੀਰਨ ਕੌਰ ਵੱਲੋਂ ਲਾਏ ਗਏ ਦੋਸ਼ਾਂ ਦੀ ਜਾਂਚ ਦੇ ਬਾਅਦ ਉਸ ਦੇ ਪਤੀ ਹਰਪ੍ਰੀਤ ਸਿੰਘ, ਸੱਸ ਬਲਵਿੰਦਰ ਕੌਰ ਦੇ ਖਿਲਾਫ ਦਾਜ ਲਈ ਤੰਗ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਵਿੱਚ ਅਜੇ ਤੱਕ ਕਿਸੇ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ।

# ਭਾਜਪਾ ਉਮੀਦਵਾਰਾਂ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਔਖਾ ਹੋਇਆ

ਮਾਨਸਾ, 7 ਫਰਵਰੀ (ਪੋਸਟ ਬਿਊਰੋ)- ਏਥੇ ਨਗਰ ਕੌਂਸਲ ਦੀਆਂ ਕੁੱਲ 27 ਸੀਟਾਂ ਵਿੱਚੋਂ 14 ਉਤੇ ਉਮੀਦਵਾਰ ਖੜ੍ਹੇ ਕਰਨ ਵਾਲੀ ਭਾਜਪਾ ਨੂੰ ਕਿਸਾਨਾਂ ਦੇ ਨਾਲ-ਨਾਲ ਲੋਕਾਂ ਦੇ ਰੋਹ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਮਾਨਸਾ ਦੀ ਭੱਠਾ ਬਸਤੀ 'ਚ ਵੋਟਾਂ ਮੰਗਣ ਗਏ ਭਾਜਪਾ ਉਮੀਦਵਾਰਾਂ ਨੂੰ ਕਿਸਾਨ ਯੂਨੀਅਨਾਂ ਦੇ ਵਿਰੋਧ ਕਾਰਨ ਬਚ ਕੇ ਮੁੜਨਾ ਪਿਆ ਤਾਂ ਕਈ ਵਾਰਡਾਂ 'ਚ ਭਾਜਪਾ ਉਮੀਦਵਾਰਾਂ ਵੱਲੋਂ ਖੋਲ੍ਹੇ ਚੋਣ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਕੱਲ੍ਹ ਪਿੰਡਾਂ ਅਤੇ ਸ਼ਹਿਰਾਂ ਦੇ ਕਿਸਾਨ ਹਮਾਇਤੀਆਂ ਨੇ ਆਪਣੇ ਹੱਥਾਂ 'ਚ ਤਖਤੀਆਂ ਲੈ ਕੇ ਵਾਰਡ ਨੰਬਰ ਛੇ ਸਮੇਤ ਉਨ੍ਹਾਂ ਸਾਰੇ 14 ਵਾਰਡਾਂ ਦੇ ਚੋਣ ਦਫਤਰਾਂ ਅੱਗੇ ਪ੍ਰਦਰਸ਼ਨ ਕੀਤੇ, ਜਿੱਥੇ-ਜਿੱਥੇ ਭਾਜਪਾ ਨੇ ਉਮੀਦਵਾਰ ਖੜ੍ਹੇ ਕੀਤੇ ਹਨ। ਗੁਰਦੀਪ ਸਿੰਘ ਝੁਨੀਰ ਨੇ ਦੱਸਿਆ ਇਹ ਰੋਸ ਪ੍ਰਦਰਸ਼ਨ ਕਿਸੇ ਰਾਜਨੀਤਕ ਪਾਰਟੀ ਵੱਲੋਂ ਨਹੀਂ, ਸਿਰਫ ਕਿਸਾਨ ਹਮਾਇਤੀਆਂ ਵੱਲੋਂ ਕੀਤੇ ਜਾ ਰਹੇ ਹਨ ਅਤੇ ਏਸੇ ਤਰ੍ਹਾਂ ਜਾਰੀ ਰਹਿਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਜਨਮ ਦਿਨ ਤੋਂ ਤਿੰਨ ਦਿਨ ਪਹਿਲਾਂ ਵਿਦਿਆਰਥਣ ਨੇ ਫਾਹਾ ਲੈ ਲਿਆ

ਲੁਧਿਆਣਾ, 7 ਫਰਵਰੀ (ਪੋਸਟ ਬਿਊਰੋ)- ਤਿੰਨ ਦਿਨ ਬਾਅਦ ਆਉਣ ਵਾਲੇ ਜਨਮ ਦਿਨ ਦੀਆਂ ਤਿਆਰੀਆਂ 'ਚ ਲੱਗੀ 8ਵੀਂ ਦੀ ਵਿਦਿਆਰਥਣ ਨੇ ਅਚਾਨਕ ਸ਼ੱਕੀ ਹਾਲਾਤ ਵਿੱਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ। ਇਸ ਘਟਨਾ ਦਾ ਪਤਾ ਉਦੋਂ ਲੱਗਾ, ਜਦੋਂ ਉਸ ਦੇ ਪਿਤਾ ਉਸ ਦੇ ਕਮਰੇ ਵਿੱਚ ਦੇਖਣ ਗਏ। ਮ੍ਰਿਤਕ ਗੁਰਕੀਰਤ ਕੌਰ (13) ਮੁਹੱਲਾ ਗੁਰੂ ਨਾਨਕ ਨਗਰ ਦੀ ਰਹਿਣ ਵਾਲੀ ਹੈ। ਡਾਬਾ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਐਸ ਐਚ ਓ ਮਹਿਮਾ ਸਿੰਘ ਨੇ ਦੱਸਿਆ ਕਿ ਗੁਰਕੀਰਤ ਕੌਰ ਇੱਕ ਪ੍ਰਾਈਵੇਟ ਸਕੂਲ ਵਿੱਚ 8ਵੀਂ ਕਲਾਸ ਦੀ ਵਿਦਿਆਰਥਣ ਸੀ। ਉਸ ਦੇ ਪਿਤਾ ਗੁਰਦੀਪ ਸਿੰਘ ਸਕਿਓਰਿਟੀ ਕੰਪਨੀ ਚਲਾਉਂਦੇ ਹਨ। ਪਰਵਾਰ ਮੁਤਾਬਕ ਨੌਂ ਫਰਵਰੀ ਨੂੰ ਗੁਰਕੀਰਤ ਦਾ ਜਨਮ ਦਿਨ ਸੀ ਤੇ ਉਹ ਆਪਣੇ ਜਨਮ ਦਿਨ ਦੀਆਂ ਤਿਆਰੀਆਂ ਕਰ ਰਹੀ ਸੀ, ਪਰ ਉਸ ਦੀ ਇੱਕ ਸਹੇਲੀ, ਜਿਸ ਦੀ ਬਿਮਾਰੀ ਕਾਰਨ ਇੱਕ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ, ਨਾਲ ਕਾਫੀ ਲਗਾਅ ਹੋਣ ਕਾਰਨ ਉਸ ਦੀ ਮੌਤ ਤੋਂ ਬਾਅਦ ਗੁਰਕੀਰਤ ਕਾਫੀ ਪਰੇਸ਼ਾਨ ਰਹਿ ਰਹੀ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਲੋਕ ਸਾਹਿਤ ਅਕਾਦਮੀ ਮੋਗਾ ਦਾ ਸਮਾਗਮ, ਕੇ.ਐੱਲ. ਗਰਗ ਤੇ ਅਸ਼ੋਕ ਚਟਾਨੀ ਦੀਆਂ ਪੁਸਤਕਾਂ ਰੀਲੀਜ਼

ਮੋਗਾ, 7 ਫਰਵਰੀ (ਗਿਆਨ ਸਿੰਘ): ਲੋਕ ਸਾਹਿਤ ਅਕਾਦਮੀ ਵੱਲੋਂ ਅਸ਼ੋਕ ਚਟਾਨੀ ਦੀ ਕਿਤਾਬ ਸਿਹਤਨਾਮਾ ਅਤੇ ਕੇ ਐਲ ਗਰਗ ਦੀ ਕਾਲਾ ਮੁੰਡਾ (ਸਵੈ ਜੀਵਨੀ) ਰਿਚਰਡ ਰਾਈਟ ਪੰਜਾਬੀ ਅਨੁਵਾਦ ਰਿਲੀਜ਼ ਕੀਤੀਆਂ ਗਈਆਂ। ਪ੍ਰਧਾਨਗੀ ਮੰਡਲ ਵਿੱਚ ਬਲਦੇਵ ਸੜਕਨਾਮਾ, ਡਾ. ਸੁਰਜੀਤ ਬਰਾੜ ਘੋਲੀਆ, ਕੇ ਐਲ ਗਰਗ ਅਤੇ ਅਸ਼ੋਕ ਚਟਾਨੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਬਲਦੇਵ ਸੜਕਨਾਮਾ ਨੇ ਕਿਹਾ ਕਿ ਅਸ਼ੋਕ ਚਟਾਨੀ ਸਾਹਿਤ ਨੂੰ ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉਹਨਾਂ ਕਿਹਾ ਕਿ ਅੱਜਕਲ੍ਹ ਦੇ ਬੱਚੇ ਆਪਣੀ ਸਿਹਤ ਦਾ ਧਿਆਨ ਨਹੀਂ ਰੱਖਦੇ। ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਲਿਖਣਾ ਕੋਈ ਸੌਖਾ ਕੰਮ ਨਹੀਂ। ਬਰਾੜ ਨੇ ਕਿਹਾ ਕਿ ਵਧੀਆ ਸਾਹਿਤ ਦੀ ਸੰਭਾਲ ਲਈ ਹਰ ਲਾਇਬ੍ਰੇਰੀ ਵਿੱਚ ਕਿਤਾਬ ਹੋਣੀ ਚਾਹੀਦੀ ਹੈ। ਕੇ ਐਲ ਗਰਗ ਨੇ ਕਿਹਾ ਕਿ ਸਾਹਿਤ ਰਾਹੀਂ ਹੀ ਅਸੀਂ ਵਧੀਆ ਸਮਾਜ ਸਿਰਜਣਾ ਕਰ ਸਕਦੇ ਹਾਂ। ਇਸ ਮੌਕੇ ਡਾਕਟਰ ਅਜੀਤਪਾਲ ਨੇ ਖੂਬਸੂਰਤ ਗ਼ਜ਼ਲ ਪੇਸ਼ ਕੀਤੀ।





ਮਾਸਟਰ ਪ੍ਰੇਮ ਕੁਮਾਰ ਨੇ ਗੀਤ ਗਾਇਆ। ਚਮਕੌਰ ਸਿੰਘ ਬਾਘੇਵਾਲੀਆ ਨੇ ਕਿਹਾ ਕਿ ਸਾਹਿਤਕਾਰਾਂ ਦਾ ਇਸ ਤਰ੍ਹਾਂ ਦਾ ਸਾਹਿਤਕ ਮਾਹੌਲ ਸਮਾਜ ਵਿਚਲੀਆਂ ਘਟੀਆ ਪਰੰਪਰਾਵਾਂ ਨੂੰ ਮਿਟਾਉਣ ਲਈ ਜ਼ਰੂਰੀ ਹੈ। ਇਸ ਮੌਕੇ ਡਾਕਟਰ ਸਵਰਨਜੀਤ ਸਿੰਘ, ਗੁਰਮੇਲ ਸਿੰਘ, ਸੁਰਜੀਤ ਸਿੰਘ ਕਾਉਂਕੇ, ਗਿਆਨ ਸਿੰਘ ਅਤੇ ਬੇਅੰਤ ਕੌਰ ਗਿੱਲ ਆਦਿ ਹਾਜ਼ਰ ਸਨ। ਇਹ ਸਮੁੱਚਾ ਸਮਾਗਮ ਕਿਸਾਨਾਂ ਦੇ ਸੰਘਰਸ਼ ਨੂੰ ਸਮਰਪਿਤ ਰਿਹਾ।

# ਖੇਤਾਂ ਵਿੱਚ ਪਾਣੀ ਲਾਉਣ ਗਏ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ

ਦੇਵੀਗੜ੍ਹ, 7 ਫਰਵਰੀ (ਪੋਸਟ ਬਿਊਰੋ)- ਥਾਣਾ ਜੁਲਕਾਂ ਦੇ ਪਿੰਡ ਸ਼ੇਖੂਪੁਰ ਦੇ ਇੱਕ ਆਦਮੀ ਨੂੰ ਪਿੰਡ ਸਾਧੂਨਗਰ ਵਿਖੇ ਉਸ ਦੇ ਖੇਤਾਂ 'ਚ ਕੁਝ ਵਿਅਕਤੀਆਂ ਅਤੇ ਔਰਤਾਂ ਵੱਲੋਂ ਕੁੱਟ ਕੁੱਟ ਕੇ ਮਾਰ ਦਿੱਤਾ ਹੈ। ਪੁਲਸ ਨੇ ਦੋ ਔਰਤਾਂ ਸਮੇਤ ਛੇ ਜਣਿਆਂ ਦੇ ਖਿਲਾਫ ਕਤਲ ਦਾ ਮੁਕੱਦਮਾ ਦਰਜ ਕੀਤਾ ਹੈ।

ਇਸ ਬਾਰੇ ਥਾਣਾ ਜੁਲਕਾਂ ਦੇ ਇੰਸਪੈਕਟਰ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਪਿੰਡ ਸ਼ੇਖੂਪੁਰ ਦੇ ਸੁਰਜੀਤ ਸਿੰਘ ਪੁੱਤਰ ਰਾਜ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਿਤਾ ਰਾਜ ਕੁਮਾਰ ਆਪਣੀ ਜ਼ਮੀਨ, ਜੋ ਪਿੰਡ ਸਾਧੂਨਗਰ ਵਿੱਚ ਹੈ, ਖੇਤਾਂ ਨੂੰ ਪਾਣੀ ਲਾਉਣ ਲਈ ਸਵੇਰੇ 11 ਕੁ ਵਜੇ ਗਿਆ ਸੀ। ਸ਼ਾਮ ਪੰਜ ਵਜੇ ਉਸ ਨੂੰ ਫੋਨ ਆਇਆ ਕਿ ਤੇਰੇ ਪਿਤਾ ਨੂੰ ਖੇਤਾਂ 'ਚ ਕੁਝ ਵਿਅਕਤੀ, ਜਿਨ੍ਹਾਂ 'ਚ ਕੇਹਰ ਪੁਰੀ ਪੁੱਤਰ ਅਜਮੇਰ ਪੁਰੀ, ਕੇਹਰ ਗਿਰ ਪੁੱਤਰ ਰਤਨਾ ਵਾਸੀਆਨ ਸ਼ੇਖੂਪੁਰ, ਹਰਜੀਤ ਸਿੰਘ, ਗੁਰਸੇਵਕ ਸਿੰਘ ਪੁਤਰਾਨ ਪਾਲਾ ਰਾਮ, ਰੇਖ ਰਾਣੀ ਪਤਨੀ ਹਰਜੀਤ ਸਿੰਘ ਅਤੇ ਅਮਨ ਪਤਨੀ ਗੁਰਸੇਵਕ ਸਿੰਘ ਵਾਸੀਆਨ ਸਾਧੂਨਗਰ ਸ਼ਾਮਲ ਹਨ, ਕੁੱਟ ਰਹੇ ਹਨ। ਜਦੋਂ ਮੈਂ ਆਪਣੇ ਭਰਾ ਵਿੱਕੀ ਸਿੰਘ ਨਾਲ ਮੌਕੇ 'ਤੇ ਪੁੱਜਾ ਤਾਂ ਅਸੀਂ ਵੇਖਿਆ ਕਿ ਉਪਰੋਕਤ ਵਿਅਕਤੀ ਮੇਰੇ ਪਿਤਾ ਨੂੰ ਜ਼ਮੀਨ 'ਤੇ ਸੁੱਟ ਕੇ ਬੁਰੀ ਤਰ੍ਹਾਂ ਕੁੱਟ ਰਹੇ ਸਨ। ਜਦੋਂ ਅਸੀਂ ਰੌਲਾ ਪਾਇਆ ਤਾਂ ਉਹ ਭੱਜ ਗਏ। ਪਿਤਾ ਦੇ ਸਿਰ 'ਚੋਂ ਖੂਨ ਨਿਕਲ ਰਿਹਾ ਹੈ। ਜਦੋਂ ਅਸੀਂ ਪਿਤਾ ਰਾਜ ਕੁਮਾਰ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਪਹੁੰਚਾਇਆ ਤਾਂ ਡਾਕਟਰਾਂ ਨੇ ਦੱਸਿਆ ਕਿ ਉਸ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਤਲ ਦਾ ਮੁੱਖ ਕਾਰਨ ਖੇਤਾਂ ਵਿਚ ਲੱਗੇ ਦਰੱਖਤਾਂ ਤੋਂ ਹੁੰਦੀ ਲੜਾਈ ਹੈ। ਇਸ ਬਾਰੇ ਜੁਲਕਾਂ ਦੀ ਪੁਲਸ ਨੇ ਦੋ ਔਰਤਾਂ ਅਤੇ ਹੋਰ ਚਾਰ ਵਿਅਕਤੀਆਂ ਖਿਲਾਫ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕਾਤਲ ਅਜੇ ਫਰਾਰ ਦੱਸੇ ਜਾਂਦੇ ਹਨ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਵੱਡਾ ਘਲੂਘਾਰਾ : ...ਅਤੇ 30 ਹਜ਼ਾਰ ਸਿੱਖ ਸ਼ਹੀਦ ਹੋ ਗਏ?



ਜਸਵੰਤ ਸਿੰਘ 'ਅਜੀਤ'

ਅਹਿਮਦਸ਼ਾਹ ਅਬਦਾਲੀ ਹਿੰਦੁਸਤਾਨ ਪੁਰ ਪੰਜ ਹਮਲੇ ਕਰ ਚੁਕਾ ਸੀ ਅਤੇ ਛੇਵੇਂ ਹਮਲੇ ਦੀ ਤਿਆਰੀ ਉਹ ਬਹੁਤ ਹੀ ਜ਼ੋਰ-ਸ਼ੋਰ ਨਾਲ ਕਰ ਰਿਹਾ ਸੀ। ਇਤਿਹਾਸਕਾਰ ਮੰਨਦੇ ਹਨ ਕਿ ਭਾਵੇਂ ਉਸ ਵਲੋਂ ਕੀਤੇ ਜਾਣ ਵਾਲੇ ਇਸ ਹਮਲੇ ਦਾ ਉਦੇਸ਼ ਵੀ ਉਸਦੇ ਪਹਿਲੇ ਹਮਲਿਆਂ ਵਾਂਗ ਹੀ ਹਿੰਦੁਸਤਾਨ ਨੂੰ ਲੁਟਣਾ ਅਤੇ ਉਸਦੀ ਅਸਮਤ, ਉਸਦੀਆਂ ਧੀਆਂ-ਭੈਣਾਂ ਨੂੰ ਬੰਦੀ ਬਣਾ ਲਿਜਾ, ਗਜ਼ਨੀ ਦੇ ਬਜ਼ਾਰਾਂ ਵਿੱਚ ਵੇਚਣਾ ਹੀ ਪ੍ਰਚਾਰਿਆ ਜਾ ਰਿਹਾ ਸੀ, ਫਿਰ ਵੀ ਉਸਦੇ ਇਸ ਹਮਲੇ ਦਾ ਮੁੱਖ ਉਦੇਸ਼, ਉਸ ਸਿੱਖ ਸ਼ਕਤੀ ਨੂੰ ਮੂਲੋਂ ਹੀ ਕੁਚਲ ਦੇਣਾ ਸੀ, ਜੋ ਉਸਦੇ ਹਰ ਹਮਲੇ ਦੌਰਾਨ ਉਸ ਵਲੋਂ ਲੁਟੀ ਦੌਲਤ ਵਿਚੋਂ ਹਿੱਸਾ ਵੰਡਾਂਦੀ ਅਤੇ ਭਾਰਤੀ ਅਸਮਤ ਨੂੰ ਉਸਦੀ ਕੈਦ ਵਿਚੋਂ ਛੁਡਾ ਲਿਜਾਣਾ ਚਲੀ ਆ ਰਹੀ ਸੀ। ਪਿਛਲੀ ਵਾਰ ਤਾਂ ਉਸ ਸ਼ਕਤੀ ਦੇ ਮਾਲਕ, ਸਿੱਖਾਂ ਨੇ ਹਦ ਹੀ ਮੁੱਕਾ ਦਿੱਤੀ, ਜਦੋਂ ਉਹ ਉਸ ਵਲੋਂ ਦਿੱਲੀ ਤੋਂ ਬੰਦੀ ਬਣਾ ਫੌਜ ਦੇ ਭਾਰੀ ਘੇਰੈ ਵਿੱਚ ਲਿਜਾਈਆਂ ਜਾ ਰਹੀਆਂ ਹਿੰਦੁਸਤਾਨ ਦੀਆਂ 2200 ਧੀਆਂ-ਭੈਣਾਂ ਅੱਖ ਦੇ ਫੋਰ ਵਿੱਚ ਆਜ਼ਾਦ ਕਰਵਾ ਹਰਨ ਹੋ ਗਏ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ ਘਰੀ ਪਹੁੰਚਾ ਆਏ।

ਅਬਦਾਲੀ ਨੂੰ ਹੈਰਾਨੀ ਇਸ ਗਲ ਦੀ ਸੀ ਕਿ ਮਰਹੱਟਿਆਂ ਵਰਗੀ ਤਾਕਤ ਤਾਂ ਉਸਦੀਆਂ ਜੁਝਾਰੂ ਫੌਜਾਂ ਸਾਹਮਣੇ ਬਹੁਤੀ ਦੇਰ ਟਿਕ ਨਹੀਂ ਸੀ ਸਕੀ, ਪਰ ਇਹ ਸਿੱਖ, ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ, ਜਦੋਂ ਵੀ ਉਹ ਹਿੰਦੁਸਤਾਨ ਵਿੱਚ ਦਾਖਿਲ ਹੁੰਦਾ ਹੈ, ਕੋਈ ਵੀ ਉਸਨੂੰ ਰੋਕਣ ਦਾ ਹੀਆ ਨਹੀਂ ਕਰਦਾ, ਪਰ ਜਦੋਂ ਉਹ ਲੁਟ-ਮਾਰ ਕਰ ਵਾਪਸ ਮੁੜਦਿਆਂ ਪੰਜਾਬ ਦੀ ਧਰਤੀ ਤੇ ਪੈਰ ਰਖਦਾ ਹੀ ਹੈ ਤਾਂ, ਸਿੱਖਾਂ ਵਲੋਂ ਉਸਦੀ ਲੁਟ ਵਿਚੋਂ ਹਿੱਸਾ ਵੰਡਾਇਆ ਜਾਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਨੂੰ ਨਾ ਤਾਂ ਉਸਦੀ ਤਾਕਤ ਦਾ ਭੈ ਹੈ ਅਤੇ ਨਾ ਹੀ ਆਪਣੀ ਮੌਤ ਦਾ ਡਰ।

ਇਸ ਵਾਰ ਅਹਿਮਦਸ਼ਾਹ ਅਬਦਾਲੀ ਨੇ ਹਿੰਦੁਸਤਾਨ ਪੁਰ ਹਮਲਾ ਕਰਨ ਤੋਂ ਪਹਿਲਾਂ ਹੀ ਠਾਣ ਲਿਆ ਸੀ ਕਿ ਉਹ ਇਸ ਵਾਰ ਸਿੱਖਾਂ ਦੀ ਸ਼ਕਤੀ ਨੂੰ ਇਤਨੀ ਬੁਰੀ ਤਰ੍ਹਾਂ ਕੁਚਲ ਕੇ ਮੁੜੇਗਾ, ਕਿ ਉਹ ਮੁੜ ਕਦੀ ਵੀ ਸਿਰ ਚੁਕਣ ਦੀ ਹਿੰਮਤ ਨਾ ਕਰ ਸਕਣ।

ਪਿਛਲੀ ਵਾਰ ਵਾਪਸ ਮੁੜਦੇ ਅਬਦਾਲੀ ਪਾਸੋਂ, ਉਸ ਵਲੋਂ ਲੁਟ ਕੇ ਲਿਜਾਂਦੇ ਜਾ ਰਹੇ ਮਾਲ ਵਿਚੋਂ ਇੱਕ ਵੱਡਾ ਹਿਸਾ ਵੰਡਾ ਲੈਣ ਅਤੇ ਉਸਦੇ ਕਬਜ਼ੇ ਵਿਚੋਂ ਹਿੰਦੁਸਤਾਨ ਦੀ ਅਜ਼ਮਤ, 2200 ਧੀਆਂ-ਭੈਣਾਂ ਨੂੰ ਛੁਡਾ, ਸਤਿਕਾਰ ਸਹਿਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਦੇਣ ਨਾਲ ਜਿਥੇ ਸਿੱਖਾਂ ਨੂੰ ਜੱਸ ਮਿਲਿਆ, ਉਥੇ ਹੀ ਉਨ੍ਹਾਂ ਦੀ ਸ਼ਕਤੀ ਦਾ ਲੋਹਾ ਵੀ ਮੰਨਿਆ ਜਾਣ ਲਗਾ। ਪਰ ਇਹ ਗਲ ਉਨ੍ਹਾਂ ਈਰਖਾਲੂਆਂ ਤੇ ਸਿੱਖਾਂ ਦੇ ਵੈਰੀਆਂ ਲਈ ਅਸਹਿ ਬਣਦੀ ਜਾ ਰਹੀ ਸੀ। ਜੋ ਕਿ ਪੀੜੀਆਂ ਤੋਂ ਸਿੱਖਾਂ ਨਾਲ ਵੈਰ ਕਮਾਂਦੇ ਚਲੇ ਆ ਰਹੇ ਸਨ। ਅਜਿਹੇ ਹੀ ਵੈਰੀ ਨਿਰੰਜਨੀਆਂ ਦੀ ਪੀੜੀ ਵਿਚਲਾ ਅਕਾਲ ਦਾਸ ਅਬਦਾਲੀ ਨੂੰ ਬਾਰ-ਬਾਰ ਚਿੱਠੀਆਂ ਲਿਖ ਸਿੱਖ ਸ਼ਕਤੀ ਨੂੰ ਕੁਚਲਣ ਲਈ ਹਿੰਦੁਸਤਾਨ ਆਉਣ ਦਾ ਸੱਦਾ ਦਿੰਦਾ ਚਲਿਆ ਆ ਰਿਹਾ ਸੀ।

ਅਬਦਾਲੀ ਤਾਂ ਪਹਿਲਾਂ ਹੀ ਧਾਰੀ ਬੈਠਾ ਸੀ ਕਿ ਉਸਨੇ ਇਸ ਵਾਰ ਹਿੰਦੁਸਤਾਨ ਪੁਰ ਕੀਤੇ ਜਾਣ ਵਾਲੇ ਆਪਣੇ ਹਮਲੇ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਸਿੱਖਾਂ ਦੀ ਸ਼ਕਤੀ ਨੂੰ ਕੁਚਲਣਾ ਹੈ, ਜੋ ਹਰ ਵਾਰ ਉਸਦੇ ਲਈ ਚੁਨੌਤੀ ਬਣਦੇ ਚਲੇ ਆ ਰਹੇ ਹਨ। ਇਸਦੇ ਨਾਲ ਹੀ ਅਕਾਲ ਦਾਸ ਵਲੋਂ ਬਾਰ-ਬਾਰ ਦਿੱਤੇ ਜਾ ਰਹੇ ਸੱਦੇ ਵੀ ਉਸਦੇ ਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰ ਰਹੇ ਸਨ ਕਿ ਇਸ ਵਾਰ ਤਾਂ ਉਸਨੂੰ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਵਿੱਚ ਪੰਜਾਬ ਵਿਚੋਂ ਵੀ ਭਾਰੀ ਮਦੱਦ ਮਿਲੇਗੀ। ਇਸੇ ਵਿਸ਼ਵਾਸ ਨਾਲ ਭਰੇ ਅਹਿਮਦਸ਼ਾਹ ਅਬਦਾਲੀ ਨੇ ਛੇਵਾਂ ਹਮਲਾ ਕਰਨ ਲਈ ਭਾਰੀ ਫੌਜ ਲੈ ਹਿੰਦੁਸਤਾਨ ਵਲ ਕੂਚ ਕਰ ਦਿੱਤਾ। ਇਸ ਵਾਰ ਉਹ ਸਾਰਾ ਪੈਂਡਾ ਜਲਦੀ ਤੋਂ ਜਲਦੀ ਮੁੱਕਾ, ਸਿੱਖਾਂ ਪੁਰ ਇਸਤਰ੍ਹਾਂ ਅਚਾਨਕ ਹਮਲਾ ਕਰਨਾ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਸੰਭਲਣ ਤੱਕ ਦਾ ਮੌਕਾ ਤੱਕ ਵੀ ਨਾ ਮਿਲ ਸਕੇ।

ਅਕਾਲ ਦਾਸ, ਉਸਦੀ ਮਨਸ਼ਾ ਨੂੰ ਪੂਰਿਆਂ ਕਰਨ ਦੇ ਉਦੇਸ਼ ਨਾਲ ਸਿੱਖਾਂ ਦੀਆਂ ਸਰਗਰਮੀਆਂ ਅਤੇ ਟਿਕਾਣਿਆਂ ਬਾਰੇ ਉਸਨੂੰ ਲਗਾਤਾਰ ਜਾਣਕਾਰੀ ਭੇਜ ਰਿਹਾ ਸੀ। ਉਧਰ ਅਬਦਾਲੀ ਸਿੱਖ ਸ਼ਕਤੀ ਨੂੰ ਕੁਚਲਣ ਲਈ ਇਤਨਾ ਕਾਹਲਾ ਸੀ ਕਿ ਬਿਨਾਂ ਕਿਧਰੇ ਪੜਾਅ ਕੀਤੇ ਦਿਨ-ਰਾਤ ਸਫਰ ਕਰ ਵਾਹੋ-ਦਾਹੀ ਹਿੰਦੁਸਤਾਨ ਵਲ ਵਧਦਾ ਚਲਿਆ ਆ ਰਿਹਾ ਸੀ।

ਭਾਵੇਂ ਸਿੱਖਾਂ ਨੂੰ ਅਬਦਾਲੀ ਦੇ ਮੁੜ ਹਿੰਦੁਸਤਾਨ ਤੇ ਹਮਲਾ ਕਰਨ ਲਈ ਕੂਚ ਕਰ ਦੇਣ ਦੀਆਂ ਖਬਰਾਂ ਮਿਲ ਗਈਆਂ ਸਨ, ਪਰ ਉਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਤਕ ਨਹੀਂ ਸੀ ਕਿ ਉਹ ਇਤਨੀ ਜਲਦੀ ਆ ਉਨ੍ਹਾਂ ਦੇ ਸਿਰ ਤੇ ਮੰਡਰਾਣ ਲਗ ਪਏਗਾ।

ਸਿੱਖ ਅਜੇ ਆਪਣੇ ਪਰਿਵਾਰਾਂ ਨੂੰ ਸੁਰਖਿਅਤ ਠਿਕਾਣਿਆਂ ਤੇ ਪਹੁੰਚਾਣ ਦੀਆਂ ਵਿਉਂਤਾਂ ਹੀ ਬਣਾ ਰਹੇ ਸਨ ਕਿ ਅਬਦਾਲੀ ਉਨ੍ਹਾਂ ਦੇ ਸਿਰ ਤੇ ਆ ਧਮਕਿਆ ਤੇ ਆਉਂਦਿਆਂ ਹੀ ਉਸਨੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ : 'ਨਹਿ ਤਾੜੇ ਸੁਚੇਤੇ ਸਜੇ ਦਸਤਾਰੇ। ਆਨ ਕਵੇਲੇ ਪਰੈ ਤਿਤੇ ਤਬ ਸਿੰਘ ਕਹੇ ਗਿਲਜੇ ਗੁਰਮਾਰੇ'। ਅਰਥਾਤ ਸਿੱਖ ਅਜੇ ਦਸਤਾਰਾਂ ਹੀ ਸਜਾ ਰਹੇ ਸਨ ਕਿ ਅਬਾਦਲੀ ਦੀਆਂ ਫੌਜਾਂ ਨੇ ਆ ਉਨ੍ਹਾਂ ਦੁਆਲੇ ਘੇਰਾ ਪਾ ਲਿਆ ਤੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਇਸ ਅਚਨਚੇਤ ਹੋਏ ਹਮਲੇ ਵਿੱਚ ਵੱਡੀ ਗਿਣਤੀ ਵਿਚ ਸਿੱਖ ਸ਼ਹੀਦ ਹੋ ਗਏ। ਫਿਰ ਵੀ ਉਨ੍ਹਾਂ ਹੌਂਸਲਾ ਨਾ ਹਾਰਿਆ ਤੇ ਝਟ ਤਲਵਾਰਾਂ ਸੂਤ ਦੁਸ਼ਮਣ ਦੀਆਂ ਫੌਜਾਂ ਸਾਹਮਣਾ ਕਰਨ ਲਗੇ।

ਉਨ੍ਹਾਂ ਦੇ ਸਾਹਮਣੇ ਜਿਥੇ ਇੱਕ ਪਾਸੇ ਦੁਸ਼ਮਣ ਨਾਲ ਦੋ-ਦੋ ਹੱਥ ਕਰਨ ਦੀ ਸਥਿਤੀ ਬਣੀ ਹੋਈ ਸੀ, ਉਥੇ ਹੀ ਦੂਜੇ ਪਾਸੇ ਉਨ੍ਹਾਂ ਸਾਹਮਣੇ ਆਪਣੇ ਪਰਿਵਾਰਾਂ ਦੀ ਵਹੀਰ ਨੂੰ ਸੁਰਖਿਅਤ ਠਿਕਾਣਿਆ ਪੁਰ ਪਹੁੰਚਾਣ ਦੀ ਵੀ ਸਮੱਸਿਆ ਸੀ। ਇਸ ਕਰਕੇ ਉਨ੍ਹਾਂ ਆਪਣੇ ਪਰਿਵਾਰਾਂ ਦੀ ਵਹੀਰ ਦੁਆਲੇ ਘੇਰਾ ਪਾ, ਉਨ੍ਹਾਂ ਦਾ ਬਚਾਅ ਕਰਦਿਆਂ, ਅਬਦਾਲੀ ਦੀਆਂ ਫੌਜਾਂ ਦਾ ਸਾਹਮਣਾ ਕਰਨਾ ਜਾਰੀ ਰਖਿਆ। ਇਸ ਹਾਲਤ ਵਿੱਚ ਹਾਲਾਂਕਿ ਸਿੱਖਾਂ ਦਾ ਭਾਰੀ ਨੁਕਸਾਨ ਹੋ ਰਿਹਾ ਸੀ, ਇਸਦੇ ਬਾਵਜੂਦ ਸਿੱਖਾਂ ਵਲੋਂ ਹਮਲੇ ਦਾ ਦਿੱਤਾ ਜਾ ਰਿਹਾ ਡਟਵਾਂ ਜਵਾਬ ਅਬਦਾਲੀ ਦੀਆਂ ਫੌਜਾਂ ਨੂੰ 'ਅੱਲਾ' ਨੂੰ ਯਾਦ ਕਰਨ ਤੇ ਮਜਬੂਰ ਕਰ ਰਿਹਾ ਸੀ : 'ਸਿੰਘਾਂ ਵਟ ਕਸੀਸ ਦਈ। ਤਬ ਯਾਦ ਕਰਾ ਦਯੋ ਅਲ੍ਹਾ'।

ਇਨ੍ਹਾਂ ਹਾਲਾਤ ਵਿੱਚ ਸਿੱਖ ਜਿਸਤਰ੍ਹਾਂ ਜਾਨਾਂ ਹੂਲ ਕੇ ਆਪਣੇ ਪਰਿਵਾਰਾਂ ਦੀ ਵਹੀਰ ਦੀ ਰਖਿਆ ਕਰ ਰਹੇ ਸਨ, ਉਸਦਾ ਵਰਨਣ ਭਾਈ ਰਤਨ ਸਿੰਘ ਭੰਗੂ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ : 'ਜਿਮ ਕਰ ਕੁਕੜੀ ਬਚਿਅਨ ਛਪਾਵੇ, ਫਲਾਇ ਪੰਖ ਦੁਇ ਤਰਫ ਰਖਾਵੈ। ਇਮ ਖਾਲਸੇਨ ਬਹੀਰ ਛਪਾਯੋ'। ਸਿੱਖਾਂ ਦੀ ਇਸ ਦਲੇਰੀ ਨੂੰ ਵੇਖ ਅਹਿਮਦਸ਼ਾਹ ਤੇ ਉਸਦੇ ਜਰਨੈਲ ਤਕ ਹੈਰਾਨ ਹੋਣ ਲਗੇ। ਅਹਿਮਦਸ਼ਾਹ ਨੇ ਜੈਨ ਖਾਨ ਨੂੰ ਕਿਹਾ ਕਿ ਜੇ ਉਹ ਅਗੋਂ ਰੋਕ ਪਾ ਦੇਵੇ ਤਾਂ ਉਹ ਸਿੱਖਾਂ ਦਾ ਇੱਕ ਪਲ ਵਿੱਚ ਸਫਾਇਆ ਕਰ ਦੇਵੇਗਾ। ਇਹ ਸੁਣ ਜੈਨ ਖਾਨ ਨੇ ਕਿਹਾ ਕਿ ਇਹ ਗਲ ਅਸੰਭਵ ਹੈ, ਜੋ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦੀ : 'ਹਮ ਤੈ ਕਭੀ ਨਾ ਮਰੈ ਹੈ ਯਾਹਿ। ਪਹਿਲੇ ਮੁਗਲੋਂ ਨੇ ਬਹੁ ਮਾਰੇ, ਪੁਨ ਹਮਨੇ ਮਾਰੇ ਬਹੁ ਬਾਰੈ। ਕਸਰ ਮੁਕਾਵਨ ਪੈ ਨਹਿ ਛੋਡੀ, ਫਿਰ ਇਹੁ ਬਢਤੇ ਜੈਹੈ ਹੋਡੀ'।

ਆਖਿਰ ਅਹਿਮਦਸ਼ਾਹ ਨੇ ਆਪਣੇ ਸਿਪਾਹਸਾਲਾਰਾਂ, ਵਲੀ ਖਾਨ, ਭੀਖਨ ਖਾਨ ਮਲੇਰ ਕੋਟਲਾ ਅਤੇ ਜੈਨ ਖਾਨ ਨੂੰ ਫੌਜ ਦੀ ਕਮਾਨ ਸੌਂਪ ਉਨ੍ਹਾਂ ਨੂੰ ਸਿੱਖਾਂ ਪੁਰ ਤਿੰਨਾਂ ਪਾਸਿਆਂ ਤੋਂ ਹਮਲਾ ਕਰਨ ਲਈ ਕਿਹਾ। ਉਧਰ ਸਾਰੇ ਸਿੱਖ ਸਰਦਾਰਾਂ ਨੇ ਇਕਠਿਆਂ ਹੋ ਨਵੀਂ ਰਣਨੀਤੀ ਬਣਾ, ਅਬਦਾਲੀ ਦੇ ਹਮਲੇ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਸ਼ਮਣ ਫੌਜਾਂ ਨੂੰ ਤਕੜੇ ਹੱਥ ਵਿਖਾਏ। ਇਸ ਲੜਾਈ ਵਿਚ ਇੱਕ ਮੌਕਾ ਅਜਿਹਾ ਆਇਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਿਰ ਤੇ ਮੌਤ ਆ ਮੰਡਰਉਣ ਲਗੀ, ਉਸ ਸਮੇਂ ਅਕਾਲ ਪੁਰਖ ਨੇ ਹੀ ਹੱਥ ਦੇ ਕੇ ਉਸਦੀ ਰਖਿਆ ਕੀਤੀ। ਉਸਦੇ ਸਰੀਰ; ਤੇ 22 ਜ਼ਖਮ ਆਏ, ਜਦਕਿ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਦੇ ਸਰੀਰ ਪੁਰ 19 ਜ਼ਖਮ ਲਗੇ।

ਇਸ ਭਾਰੀ ਲੜਾਈ ਵਿੱਚ ਅਹਿਮਦਸ਼ਾਹ ਦੀ ਫੌਜ ਪਰਿਵਾਰਾਂ ਦੀ ਵਹੀਰ ਨੂੰ ਸਿੱਖ ਯੋਧਿਆਂ ਨਾਲੋਂ ਨਿਖੇੜਨ ਵਿੱਚ ਸਫਲ ਹੋ ਗਈ। ਅਬਦਾਲੀ ਦੀ ਫੌਜ ਨੇ ਵਹੀਰ ਵਿੱਚ ਸ਼ਾਮਲ ਬੱਚਿਆਂ, ਜਵਾਨਾਂ, ਬੁਢਿਆਂ ਅਤੇ ਇਸਤ੍ਰੀਆਂ ਨੂੰ ਬਹੁਤ ਹੀ ਬੇਦਰਦੀ ਨਾਲ ਕਤਲ ਕਰ ਦਿੱਤਾ। ਗਿਆਨੀ ਗਿਆਨ ਸਿੰਘ ਅਨੁਸ-ਾਰ : 'ਉਥੇ ਖੂਨ ਦੀ ਨਦੀ ਵਹਿ ਤੁਰੀ'। ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਵੱਡੇ ਘਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਭਾਈ ਰਤਨ ਸਿੰਘ ਭੰਗੂ ਅਤੇ ਹੋਰ ਗੈਰ-ਸਿੱਖ ਇਤਿਹਾਸਕਾਰਾਂ ਅਨੁਸਾਰ ਇਸ ਘਲੂਘਾਰੇ ਵਿੱਚ ਲਗਭਗ 30 ਹਜ਼ਾਰ ਸਿੱਖ, ਜੋ ਉਸ ਸਮੇਂ ਦੀ ਸਿੱਖ ਵਸੋਂ ਦਾਂ ਲਗਭਗ ਅੱਧ ਸਨ, ਸ਼ਹੀਦ ਹੋ ਗਏ। ਜਦ ਕਿ ਛੋਟੇ ਘਲੂਘਾਰੇ ਵਿੱਚ ਦਸ ਹਜ਼ਾਰ ਸਿੱਖ ਸ਼ਹੀਦ ਹੋਏ ਸਨ। ਸੰਸਾਰ ਦੇ ਲੋਕਾਂ ਨੇ ਗੈਰ-ਸਿੱਖ ਇਤਿਹਾਸਕਾਰਾਂ ਦੀਆਂ ਉਨ੍ਹਾਂ ਲਿਖਤਾਂ ਨੂੰ ਹੈਰਨੀ ਨਾਲ ਪੜ੍ਹਿਆ ਕਿ ਜਿਨ੍ਹਾਂ ਵਿੱਚ ਇਸ ਲੜਾਈ ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਹੋਇਆ ਸੀ ਕਿ ਇਤਨੀ ਭਾਰੀ ਸੱਟ ਲਗਣ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿੱਚ ਰਹੇ। ਇਹ ਗਲੂਘਾਰਾ ਫਰਵਰੀ 1762 ਵਿੱਚ ਵਾਪਰਿਆ, ਇਸਤੋਂ ਤਿੰਨ ਮਹੀਨੇ ਬਾਅਦ, ਅਰਥਾਤ ਇਸੇ ਵਰ੍ਹੇ ਮਈ ਵਿੱਚ ਸਿੱਖਾਂ ਨੇ ਸਰਹੰਦ ਪੁਜ ਨਵਾਬ ਜੈਨ ਖਾਨ ਨੂੰ ਜਾ ਘੇਰਿਆ।

Canadian ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE

Best Canadian Truck & Forklift Training Centre

Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8


Visions of Punjab



Natasha Mahal
Co-Host

VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

PUNJABI RANG RADIO



CAIO 530AM
11pm-12am
Every Saturday


Chamkaur Singh
Producer/ Host
Cell: 416 662 1313
Email: punjabirang13@hotmail.com



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



CLOSING IN APRIL 2021


| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਮੁੱਦਾ ਬਾਹਰੀ ਲੋਕਾਂ ਦੀਆਂ ਟਿਪਣੀਆਂ ਦਾ ਜਾਂ ਕਿਸਾਨਾਂ ਤੇ ਆਮ ਲੋਕਾਂ ਦੇ ਢਿੱਡ ਉੱਤੇ ਵੱਜਦੀ ਲੱਤ ਦਾ



ਜਤਿੰਦਰ ਪੰਨੂ

ਸਰਕਾਰਾਂ, ਅਤੇ ਖਾਸ ਤੌਰ ਉੱਤੇ ਚੁਣੀਆਂ ਹੋਈਆਂ ਸਰਕਾਰਾਂ, ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਹ ਸਮਾਜ ਦੇ ਇੱਕ ਜਾਂ ਦੂਸਰੇ ਵਰਗ ਅਤੇ ਇੱਕ ਜਾਂ ਦੂਸਰੀ ਧਿਰ ਵੱਲ ਪੱਖ-ਪਾਤੀ ਨਹੀਂ ਹੋਣਗੀਆਂ। ਇਹ ਵੀ ਆਸ ਰੱਖੀ ਜਾਂਦੀ ਹੈ ਕਿ ਉਹ ਕਿਸੇ ਸਟਾਕ ਐਕਸਚੈਂਜ ਵਾਂਗ ਜਿਸ ਕੋਲ ਪੈਸਾ ਹੈ, ਉਸ ਨੂੰ ਸਾਰਾ ਕੁਝ ਖਰੀਦਣ ਦੀ ਖੁੱਲ੍ਹ ਦੇਣ ਵਾਲੀਆਂ ਨਹੀਂ ਹੋਣਗੀਆਂ, ਸਗੋਂ ਉਨ੍ਹਾਂ ਸਿਰ ਇਹ ਜ਼ਿਮੇਵਾਰੀ ਹੁੰਦੀ ਹੈ ਕਿ ਕਿਸੇ ਇਕੱਲੀ ਧਿਰ ਨੂੰ ਏਨੀ ਧੜਵੈਲ ਨਹੀਂ ਹੋਣ ਦੇਣਗੀਆਂ ਕਿ ਉਹ ਬਾਕੀ ਸਾਰੀਆਂ ਧਿਰਾਂ ਤੇ ਖਾਸ ਕਰ ਕੇ ਕਮਜ਼ੋਰ ਧਿਰਾਂ ਨੂੰ ਹੜੱਪਣ ਤੁਰ ਪਵੇ। ਏਸੇ ਸੋਚ ਅਧੀਨ ਭਾਰਤ ਸਰਕਾਰ ਨੇ ਸਾਲ 1969 ਵਿੱਚ 'ਮਨਾਪਲੀਜ਼ ਐਂਡ ਰਿਸਟ੍ਰਿਕਟਿਡ ਪ੍ਰੈਕਟਿਸਿਜ਼ ਐਕਟ' ਬਣਾਇਆ ਸੀ, ਜਿਸ ਦਾ ਮਕਸਦ ਕਿਸੇ ਵੀ ਖਾਸ ਖੇਤਰ ਵਿੱਚ ਕਿਸੇ ਇੱਕ ਧਿਰ ਦੀ ਅਜਾਰੇਦਾਰੀ ਕਾਇਮ ਹੋਣ ਤੋਂ ਰੋਕਣਾ ਸੀ। ਇਸ ਐਕਟ ਪਿੱਛੇ ਧਾਰਨਾ ਇਹ ਸੀ ਕਿ ਭਾਰਤ ਵਰਗੇ ਦੇਸ਼ ਵਿੱਚ ਕਿਸੇ ਧਿਰ ਜਾਂ ਕਿਸੇ ਵਿਅਕਤੀ ਜਾਂ ਕਿਸੇ ਇਕੱਲੇ ਘਰਾਣੇ ਕੋਲ ਦੌਲਤ ਇਕੱਠੀ ਹੋਣ ਤੋਂ ਰੋਕੀ ਜਾਵੇ, ਤਾਂ ਕਿ ਉਹ ਬਾਕੀ ਸਭ ਲੋਕਾਂ ਨੂੰ ਕੀੜੇ-ਮਕੌੜੇ ਨਾ ਮੰਨਣ ਲੱਗ ਜਾਵੇ। ਭਾਜਪਾ ਦੀ ਸੋਚ ਹਮੇਸ਼ਾ ਤੋਂ ਇਸ ਦੇ ਉਲਟ ਚੱਲਣ ਵਾਲੀ ਰਹੀ ਹੋਣ ਕਰ ਕੇ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਇਸ ਪਾਰਟੀ ਨੇ ਪਹਿਲਾ ਐਕਟ ਲਾਂਭੇ ਧੱਕ ਕੇ ਨਵਾਂ ਕਾਨੂੰਨ, ਕੰਪੀਟੀਸ਼ਨ ਐਕਟ-2002 ਬਣਾ ਕੇ ਕਿਹਾ ਸੀ ਕਿ ਇਹ ਕਾਨੂੰਨ ਮੁਕਾਬਲੇਬਾਜ਼ੀ ਰੋਕਣ ਦਾ ਵਿਰੋਧ ਕਰੇਗਾ, ਪਰ ਅਸਲ ਵਿੱਚ ਇਹ ਮੁਕਾਬਲੇ ਖਤਮ ਕਰਨ ਦੇ ਬਾਨ੍ਹਣੂੰ ਬੰਨ੍ਹਣ ਦਾ ਯਤਨ ਸੀ। ਇਸ ਦੇ ਬਾਅਦ ਜਦੋਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਬਣੀ ਤਾਂ 2007 ਵਿੱਚ ਇਸ ਵਿੱਚ ਸੋਧ ਕੀਤੀ ਗਈ, ਤਾਂ ਕਿ ਕਿਸੇ ਇੱਕੋ ਵੱਡੀ ਧਿਰ ਨੂੰ ਕਾਨੂੰਨ ਦੀ ਦੁਰਵਰਤੋਂ ਕਰਨ ਅਤੇ ਸਮੁੱਚੀ ਮੰਡੀ ਉੱਤੇ ਪੂਰਾ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। ਇਸ ਕਾਨੂੰਨ ਨਾਲ ਕਿਸੇ ਵੱਡੀ ਧਿਰ ਵੱਲੋਂ ਛੋਟੀਆਂ ਕੰਪਨੀਆਂ ਖਰੀਦਦੇ ਜਾਣ ਤੇ ਇਸ ਤਰ੍ਹਾਂ ਭਾਰਤ ਦੇ ਆਰਥਿਕ ਪ੍ਰਬੰਧ ਵਿੱਚ ਦੇਸ਼ ਦੇ ਲੋਕਾਂ ਨੂੰ ਰਗੜਨ ਵਾਲੀ ਕਿਸੇ ਵੀ ਵੱਡੀ ਧਿਰ ਦੀ ਚੁਣੌਤੀ ਰਹਿਤ ਸਰਦਾਰੀ ਰੋਕਣ ਦਾ ਯਤਨ ਕੀਤਾ ਗਿਆ ਸੀ।

ਇਸ ਵਕਤ ਕੀ ਹੋ ਰਿਹਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸ਼ੀਰਵਾਦ ਨਾਲ ਦੋ ਵੱਡੇ ਕਾਰਪੋਰੇਟ ਘਰਾਣੇ ਸਾਰੇ ਭਾਰਤ ਦੀ ਜਨਤਾ ਨੂੰ ਰਗੜ ਦੇਣ ਦੀ ਨੀਤ ਨਾਲ ਮੰਡੀਆਂ ਤੇ ਚੋਣਵੇਂ ਖੇਤਰਾਂ ਉੱਤੇ ਕਬਜ਼ੇ ਕਰਨ ਲਈ ਸਾਰਾ ਤਾਣ ਲਾਈ ਜਾਂਦੇ ਹਨ। ਨਵੇਂ ਬਣਾਏ ਤਿੰਨ ਖੇਤੀ ਕਾਨੂੰਨਾਂ ਵਿੱਚੋਂ ਇੱਕ ਨਾਲ ਉਨ੍ਹਾਂ ਨੂੰ ਪਹਿਲੀਆਂ ਸਭ ਮੰਡੀਆਂ ਲਾਂਭੇ ਕਰਨ ਤੇ ਬਾਹਰ ਦੀ ਬਾਹਰ ਮਨ-ਮਰਜ਼ੀ ਮੁਤਾਬਕ ਕਿਸਾਨਾਂ ਦੀ ਫਸਲ ਖਰੀਦਣ ਦੀ ਖੁੱਲ੍ਹ ਮਿਲਣ ਲੱਗੀ ਹੈ। ਦੂਸਰੇ ਕਾਨੂੰਨ ਨਾਲ ਕਿਸਾਨਾਂ ਨੂੰ ਏਦਾਂ ਦੇ ਸਮਝੌਤੇ ਹੇਠ ਖੇਤੀ ਕਰਨ ਨੂੰ ਮਜਬੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਕਿਸਾਨ ਆਪਣੇ ਖੇਤਾਂ ਦੀ ਮਾਲਕੀ ਵੀ ਕੁਝ ਸਮਾਂ ਪਾ ਕੇ ਗੁਆ ਲੈਣਗੇ। ਤੀਸਰਾ ਕਾਨੂੰਨ ਆਮ ਲੋਕਾਂ ਦੀ ਲੋੜ ਦੀਆਂ ਵਸਤਾਂ ਗੋਦਾਮਾਂ ਵਿੱਚ ਲੁਕਾਉਣ ਦੀ ਪੂਰੀ ਖੁੱਲ੍ਹ ਦੇਣ ਵਾਲਾ ਹੈ, ਜਿਸ ਦਾ ਲਾਭ ਉਠਾ ਕੇ ਆਪਣੀ ਮਰਜ਼ੀ ਦੇ ਮੁੱਲ ਮੁਤਾਬਕ ਖਪਤਕਾਰਾਂ ਨੂੰ ਵੇਚਣਗੇ, ਜਿਸ ਨਾਲ ਕਿਸਾਨ ਅਤੇ ਖਪਤਕਾਰ ਦੋਵਾਂ ਦੀ ਜਾਨ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਹੋਵੇਗੀ। ਭਾਰਤ ਦੀ ਮੋਦੀ ਸਰਕਾਰ ਇਨ੍ਹਾਂ ਦੋ ਘਰਾਣਿਆਂ ਦੇ ਪੱਖ ਵਿੱਚ ਇਸ ਹੱਦ ਤੱਕ ਉਲਾਰ ਹੈ ਕਿ ਟੈਲੀਕਾਮ ਦਾ 5-ਜੀ ਸਿਸਟਮ ਵੀ



ਬਣਾਇਆ ਗਿਆ ਤਾਂ ਸਰਕਾਰੀ ਮਾਲਕੀ ਵਾਲੀ ਟੈਲੀਕਾਮ ਕੰਪਨੀ ਨੂੰ ਨਹੀਂ ਸੀ ਦਿੱਤਾ ਤੇ ਇੱਕੋ ਕਾਰਪੋਰੇਟ ਘਰਾਣੇ ਦੀ ਜੇਬ ਵਿੱਚ ਪਾ ਦਿੱਤਾ ਸੀ ਅਤੇ ਦੇਸ਼ ਦੇ ਅੱਧੇ ਤੋਂ ਵੱਧ ਏਅਰਪੋਰਟ ਦੂਸਰੇ ਕਾਰਪੋਰੇਟ ਘਰਾਣੇ ਨੂੰ ਦੇ ਦਿੱਤੇ ਹਨ। ਇਸ ਤਰ੍ਹਾਂ ਜਿਹੜੀ ਨੀਤ ਨਾਲ ਨਰਿੰਦਰ ਮੋਦੀ ਸਰਕਾਰ ਚੱਲ ਰਹੀ ਹੈ, ਉਸ ਵਿੱਚ ਸਿਰਫ ਵੱਡੇ ਘਰਾਣੇ ਬਚਣਗੇ, ਆਮ ਲੋਕ ਰਗੜੇ ਜਾਣਗੇ।

ਭਾਰਤ ਦੇਸ਼ ਦਾ ਕਿਸਾਨ ਇਸ ਵੇਲੇ ਜਿਹੜੀ ਜੰਗ ਲੜਦਾ ਪਿਆ ਹੈ, ਉਹ ਸਿਰਫ ਉਸ ਦੀ ਨਹੀਂ, ਦੇਸ਼ ਦੇ ਕਰੋੜਾਂ ਉਨ੍ਹਾਂ ਲੋਕਾਂ ਵਾਸਤੇ ਵੀ ਹੈ, ਜਿਨ੍ਹਾਂ ਨੇ ਕਿਸਾਨੀ ਫਸਲਾਂ ਖਰੀਦਣੀਆਂ ਹਨ ਤੇ ਕਾਰਪੋਰਟ ਘਰਾਣੇ ਕਾਬਜ਼ ਹੋ ਗਏ ਤਾਂ ਲੋਕਾਂ ਦੇ ਢਿੱਡ ਉੱਤੇ ਵੀ ਲੱਤ ਵੱਜਣੀ ਹੈ। ਇਨ੍ਹਾਂ ਕਾਨੂੰਨਾਂ ਦਾ ਵਿਰੋਧ ਭਾਰਤ ਵਿੱਚ ਵੀ ਹੋ ਰਿਹਾ ਹੈ ਅਤੇ ਵਿਰੋਧ ਦੀ ਹਮਾਇਤ ਵਿੱਚ ਵਿਦੇਸ਼ਾਂ ਤੋਂ ਵੀ ਆਵਾਜ਼ਾਂ ਉੱਠ ਪਈਆਂ ਹਨ। ਭਾਜਪਾ ਤੇ ਇਸ ਨਾਲ ਜੁੜੇ ਲੋਕ ਸੰਸਾਰ ਦੇ ਕਿਸੇ ਵੀ ਦੇਸ਼ ਜਾਂ ਕਿਸੇ ਵੀ ਵਿਅਕਤੀ ਬਾਰੇ ਕੁਝ ਕਹਿਣ ਤੋਂ ਨਹੀਂ ਝਿਜਕਦੇ, ਪਰ ਜਦੋਂ ਕੋਈ ਏਦਾਂ ਦੀ ਗੱਲ ਕਹੇ ਕਿ ਭਾਰਤ ਵਿੱਚ ਭਾਜਪਾ ਰਾਜ ਵਿੱਚ ਆਹ ਗੱਲ ਠੀਕ ਨਹੀਂ ਲੱਗਦੀ ਤਾਂ ਭੂੰਡਾਂ ਦੀ ਖੱਖਰ ਵਾਂਗ ਉਸ ਦੇ ਗਲ਼ ਪੈ ਜਾਂਦੇ ਹਨ ਤੇ ਸਰਕਾਰੀ ਏਜੰਸੀਆਂ ਉਨ੍ਹਾਂ ਦੀ ਸਰਪ੍ਰਸਤੀ ਕਰਦੀਆਂ ਹਨ। ਅਸੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਜਿਸ ਪੜਾਅ ਵਿੱਚੋਂ ਗੁਜ਼ਰ ਰਹੇ ਹਾਂ, ਉਸ ਵਿੱਚ ਹਰ ਕਿਸੇ ਨੂੰ ਆਪਣੇ ਮਨ ਦੀ ਗੱਲ ਕਹਿਣ ਦਾ ਹੱਕ ਹੈ, ਸਾਨੂੰ ਵੀ ਏਦਾਂ ਦਾ ਹੱਕ ਦੇਸ਼ ਦੇ ਸੰਵਿਧਾਨ ਤੇ ਦੁਨੀਆ ਦੀ ਆਮ ਸਹਿਮਤੀ ਨੇ ਦਿੱਤਾ ਹੋਇਆ ਹੈ, ਪਰ ਇਹ ਸਾਰਾ ਹੱਕ ਸਿਰਫ ਸਾਡੇ ਤੱਕ ਆ ਕੇ ਰੁਕ ਨਹੀਂ ਸਕਦਾ, ਇਹ ਹੱਕ ਹੋਰਨਾਂ ਲੋਕਾਂ ਨੂੰ ਵੀ ਹੈ। ਸੰਸਾਰ ਪ੍ਰਸਿੱਧ ਪੌਪ ਸਿੰਗਰ ਰਿਹੰਨਾ ਜਾਂ ਵਾਤਾਵਰਣ ਬਾਰੇ ਸਮਾਜ ਸੇਵਾ ਲਈ ਜਾਣੀ ਜਾਂਦੀ ਗ੍ਰੇਟਾ ਥਨਬਰਗ ਨੇ ਭਾਰਤ ਵਿੱਚ ਕਿਸਾਨਾਂ ਦੇ ਸੰਘਰਸ਼ ਬਾਰੇ ਜ਼ਰਾ ਕੁ ਟਿਪਣੀ ਕਰ ਦਿਤੀ ਤਾਂ ਇਸ ਦੇ ਨਾਲ ਭਾਰਤ ਦੀ ਹੋਂਦ ਨੂੰ ਖਤਰੇ ਦਾ ਰੌਲਾ ਪਾਇਆ ਜਾਣ ਲੱਗਾ ਹੈ। ਕੰਗਨਾ ਰਣੌਤ ਤੋਂ ਸ਼ੁਰੂ ਹੋ ਕੇ ਜਣੇ-ਖਣੇ ਤੋਂ ਹੁੰਦੀ ਕਹਾਣੀ ਸਚਿਨ ਤੇਂਦੁਲਕਰ ਤੇ ਲਤਾ ਮੰਗੇਸ਼ਕਰ ਦੇ ਇਹ ਕਹਿਣ ਤੱਕ ਜਾ ਪੁੱਜੀ ਹੈ ਕਿ ਬਾਹਰਲੇ ਲੋਕਾਂ ਨੂੰ ਭਾਰਤ ਦੇ ਕਿਸੇ ਤਰ੍ਹਾਂ ਦੇ ਅੰਦਰੂਨੀ ਮਾਮਲੇ ਵਿੱਚ ਦਖਲ ਦੇਣ ਦਾ ਹੱਕ ਨਹੀਂ ਹੈ। ਆਮ ਹਾਲਾਤ ਵਿੱਚ ਸ਼ਾਇਦ ਅਸੀਂ ਵੀ ਇਸ ਦਲੀਲ ਨਾਲ ਸਹਿਮਤ ਹੋ ਜਾਂਦੇ, ਪਰ ਅੱਜ ਏਦਾਂ ਨਹੀਂ ਕਿਹਾ ਜਾ ਸਕਦਾ, ਕਿਉਂਕਿ ਦੂਸਰੇ ਦੇਸ਼ ਵਿੱਚ ਦਖਲ ਨਾ ਦੇਣ ਵਾਲਾ ਅਸੂਲ ਨਰਿੰਦਰ ਮੋਦੀ ਨੇ ਖੁਦ ਹੀ ਤੋੜਿਆ ਹੈ। ਪਿਛਲੇ ਸਾਲ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਸੀ, ਉਸ ਤੋਂ ਪਹਿਲਾਂ ਓਥੇ ਜਾ ਕੇ 'ਹਾਊਡੀ ਮੋਦੀ' ਸ਼ੋਅ ਦੌਰਾਨ ਨਰਿੰਦਰ ਮੋਦੀ ਨੇ ਇਹ ਨਾਅਰਾ ਚੁੱਕਿਆ ਸੀ ਕਿ 'ਅਬ ਕੀ ਬਾਰ, ਟਰੰਪ ਸਰਕਾਰ', ਜਿਸ ਦੇ ਨਾਲ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਨੂੰ ਡੋਨਾਲਡ ਟਰੰਪ ਨੂੰ ਵੋਟਾਂ ਪਾਉਣ ਦਾ ਇਸ਼ਾਰਾ ਕੀਤਾ ਗਿਆ ਸੀ। ਟਰੰਪ ਤਾਂ ਬਹੁਤ ਬੁਰੀ ਤਰ੍ਹਾਂ ਹਾਰਿਆ ਹੀ, ਇਹ ਨਾਅਰਾ ਦੇਣ ਵਾਲੇ ਦੀ ਵੀ ਬੇਇੱਜ਼ਤੀ ਹੋ ਗਈ ਹੈ। ਓਦੋਂ ਭਾਰਤ ਦਾ ਪ੍ਰਧਾਨ ਮੰਤਰੀ ਇਸ ਤਰ੍ਹਾਂ ਦੂਸਰੇ ਦੇਸ਼ ਦੇ ਚੋਣ ਪ੍ਰਬੰਧ ਵਿੱਚ ਦਖਲ ਨਾ ਦੇਂਦਾ ਤਾਂ ਅੱਜ ਦੂਸਰਿਆਂ ਨੂੰ ਕਹਿ ਸਕਦਾ ਸੀ। ਅੱਜ ਭਾਰਤ ਦੇ ਮਾਮਲੇ ਵਿੱਚ ਦੂਸਰੇ ਲੋਕ ਟਿਪਣੀਆਂ ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰਾ-ਭਲਾ ਕਹਿਣ ਵਾਲੇ ਸਚਿਨ ਤੇਂਦੁਲਕਰ ਜਾਂ ਲਤਾ ਮੰਗੇਸ਼ਕਰ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਅਮਰੀਕਾ ਵਿੱਚ ਮੋਦੀ ਦੇ ਇਸ ਦਖਲ ਵੇਲੇ ਕਿਉਂ ਨਹੀਂ ਸਨ ਬੋਲੇ?

ਅਸਲ ਮੁੱਦਾ ਇਹ ਤਾਂ ਹੈ ਹੀ ਨਹੀਂ ਕਿ ਬਾਹਰ ਦੇ ਲੋਕ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਜਾਂ ਨਾ ਦੇਣ, ਅਸਲ ਮੁੱਦਾ ਇਹ ਹੈ ਕਿ ਭਾਰਤ ਦੀ ਸਰਕਾਰ ਜਿਵੇਂ ਦੋ ਵੱਡੇ ਘਰਾਣਿਆਂ ਅੱਗੇ ਦੇਸ਼ ਦੇ ਸਾਰੇ ਹਿੱਤ ਢੇਰੀ ਕਰੀ ਜਾ ਰਹੀ ਹੈ, ਉਸ ਦਾ ਰਾਹ ਕਿਵੇਂ ਰੋਕਿਆ ਜਾ ਸਕਦਾ ਹੈ? ਗੱਡੀ ਇੱਕ ਵਾਰੀ ਜਦੋਂ ਨਿਵਾਣ ਵੱਲ ਰਿੜ੍ਹਨ ਲੱਗਦੀ ਹੈ ਤਾਂ ਫਿਰ ਰੁਕਦੀ ਨਹੀਂ ਹੁੰਦੀ। ਭਾਰਤੀ ਆਰਥਿਕਤਾ ਵਿੱਚ ਮੁਕਾਬਲੇਬਾਜ਼ੀ ਅਤੇ ਨਿਯਮਾਂ ਦਾ ਘਾਣ ਵਾਜਪਾਈ ਸਰਕਾਰ ਦੌਰਾਨ ਸ਼ੁਰੂ ਹੋਇਆ ਸੀ, ਮਨਮੋਹਨ ਸਿੰਘ ਦੀ ਇਸ ਨੂੰ ਰੋਕਣ ਦੀ ਦਿਲਚਸਪੀ ਨਹੀਂ ਸੀ ਅਤੇ ਨਰਿੰਦਰ ਮੋਦੀ ਵਾਲੀ ਸਰਕਾਰ ਇਹ ਅਮਲ ਅੱਗੇ ਵਧਾ ਕੇ ਸਿਰਫ ਦੋ ਘਰਾਣਿਆਂ ਕੋਲ ਦੇਸ਼ ਨੂੰ ਗਹਿਣੇ ਪਾਉਣ ਤੁਰ ਪਈ ਹੈ। ਏਸੇ ਲਈ ਇਹ ਨਿਰਾ ਕਿਸਾਨਾਂ ਦੀਆਂ ਫਸਲਾਂ ਤੇ ਖੇਤਾਂ ਦਾ ਮਸਲਾ ਨਾ ਰਹਿ ਕੇ ਭਾਰਤ ਦੇ ਆਮ ਲੋਕਾਂ ਦਾ ਉਹ ਮੁੱਦਾ ਬਣ ਗਿਆ ਹੈ, ਜਿਸ ਤੋਂ ਅਜੇ ਤੱਕ ਆਮ ਲੋਕ ਜਾਣੂ ਨਹੀਂ। ਇਤਿਹਾਸ ਕਿਸਾਨਾਂ ਦੇ ਇਸ ਸਿਰੜੀ ਸੰਘਰਸ਼ ਦਾ ਮੁੱਲ ਪਾਏ ਬਿਨਾਂ ਨਹੀਂ ਰਹਿ ਸਕੇਗਾ।

# ਸਿੱਖ ਅਗਵਾਈ ਵਾਲੇ ਰੋਸ ਵਿਖਾਵਿਆਂ ਨਾਲ ਜੁੜੇ ਹਨ ਟਰੈਕਟਰ ਅਤੇ ਟੈਂਕ

-ਵਿਕਰਮ ਡਾਕਟਰ-

ਕਿਸਾਨ ਅੰਦੋਲਨ ਨੇ ਟਰੈਕਟਰਾਂ ਨੂੰ ਰੋਸ ਵਿਖਾਵਿਆਂ ਦੇ ਵਾਹਨਾਂ ਦੇ ਰੂਪ ਵਿੱਚ ਬਦਲ ਦਿੱਤਾ ਹੈ। ਇਹ ਸਭ ਫਰਾਂਸ ਅਤੇ ਨੀਦਰਲੈਂਡਸ 'ਚ ਵੀ ਹੋ ਚੁੱਕਾ ਹੈ, ਜਿੱਥੇ ਟਰੈਕਟਰ ਰੋਸ ਵਿਖਾਵਿਆਂ ਨੇ ਸੜਕਾਂ ਜਾਮ ਕਰ ਦਿੱਤੀਆਂ ਸਨ। ਇੱਥੋਂ ਤੱਕ ਕਿ 1978-79 ਵਿੱਚ ਰੋਸ ਵਿਖਾਵਾਕਾਰੀ ਅਮਰੀਕੀ ਕਿਸਾਨ ਟਰੈਕਟਰਾਂ ਨੂੰ ਵਾਸ਼ਿੰਗਟਨ ਡੀ ਸੀ ਤੱਕ ਲੈ ਗਏ ਸਨ। ਮੌਜੂਦਾ ਅੰਦੋਲਨ 'ਚ ਟਰੈਕਟਰਾਂ ਦੀ ਵਰਤੋਂ ਇੱਕ ਮਹੱਤਵ ਪੂਰਨ ਘਟਨਾ ਸੀ, ਖਾਸ ਕਰ ਕੇ ਗਣਤੰਤਰ ਦਿਵਸ 'ਤੇ ਜਦੋਂ ਅਧਿਕਾਰਤ ਪਰੇਡ 'ਚ ਭਾਰਤੀ ਫੌਜ ਦੇ ਟੈਂਕ ਵਿਖਾਈ ਦਿੰਦੇ ਹਨ। ਟਰੈਕਟਰਾਂ ਦੀ ਤੁਲਨਾ ਟੈਂਕਾਂ ਨਾਲ ਕੀਤੀ ਗਈ। ਟੈਂਕ ਅਤੇ ਟਰੈਕਟਰ ਕਦੇ ਵੀ ਆਪਸ ਵਿੱਚ ਨਹੀਂ ਭਿੜੇ,ਪਰ ਇਹ ਯਾਦ ਕਰਨ ਵਾਲੀ ਗੱਲ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਇਤਿਹਾਸ ਆਪਸ ਵਿੱਚ ਜੁੜਿਆ ਹੈ।ਇਹ ਇੱਕ ਇਤਿਹਾਸ ਹੈ ਜੋ ਸਿੱਖਾਂ ਦੀ ਅਗਵਾਈ ਵਾਲੇ ਰੋਸ ਵਿਖਾਵਿਆਂ ਦੇ ਸੰਸਾਰਕ ਇਤਿਹਾਸ ਨਾਲ ਜੁੜਿਆ ਹੈ। ਕੈਲੀਫੋਰਨੀਆ ਵਿੱਚ ਸਟਾਕਟਨ ਨਾਂਅ ਦਾ ਸ਼ਹਿਰ, ਜੋ ਉਪਜਾਊ ਸੈਂਟਰਲ ਵੈਲੀ ਦੇ ਮੁਹਾਣੇ 'ਤੇ ਹੈ ਅਤੇ ਇੱਥੇ ਸੈਨ ਜੋਕਵਿਨ ਅਤੇ ਸੈਕਰਾਮੈਂਟੋ ਰਿਵਰ ਕਈ ਜਲਮਾਰਗਾਂ ਰਾਹੀਂ ਆਪਸ ਵਿੱਚ ਮਿਲਦੇ ਹਨ, ਉਤੇ ਇਤਿਹਾਸ ਇਕੱਠਾ ਹੁੰਦਾ ਹੈ।ਬੈਂਜਾਮਨ ਹਾਲਟ 1880 ਵਿੱਚ ਇੱਥੇ ਪਹੁੰਚੇ ਅਤੇ ਇੱਕ ਪਹੀਆ ਬਣਾਉਣ ਦੀ ਕੰਪਨੀ ਚਲਾਈ। ਇਸ ਨੇ ਕੰਬਾਈਨ ਹਾਰਵੈਸਟਰਜ਼ ਅਤੇ ਟਰੈਕਟਰਾਂ ਦਾ ਪਹਿਲਾ ਰੂਪ ਤਿਆਰ ਕੀਤਾ ਜਿਨ੍ਹਾਂ ਨੂੰ ਖੇਤੀ ਦੇ ਕੰਮਾਂ ਲਈ ਵਰਤਿਆ ਜਾ ਸਕਦਾ ਸੀ। ਸ਼ੁਰੂ ਦੇ ਦੌਰ ਵਿੱਚ ਇਨ੍ਹਾਂ ਨੂੰ ਘੋੜਿਆਂ ਨਾਲ ਚਲਾਇਆ ਜਾਂਦਾ ਸੀ, ਪਰ ਉਸ ਦੇ ਬਾਅਦ ਭਾਫ ਨਾਲ ਚੱਲਣ ਵਾਲੇ ਇੰਜਣਾਂ ਦੀ ਵਰਤੋਂ ਹੋਈ, ਫਿਰ ਕੋਲੇ ਅਤੇ ਤੇਲ ਵਾਲੇ ਇੰਜਣ ਸ਼ੁਰੂ ਹੋਏ। ਇਸ ਵਿੱਚ ਇੱਕ ਸਮੱਸਿਆ ਆਮ ਸੀ। ਉਨ੍ਹਾਂ ਦੇ ਪਹੀਏ ਗਿੱਲੀ ਡੈਲਟਾ ਮਿੱਟੀ ਵਿੱਚ ਫਸ ਜਾਂਦੇ ਸਨ। ਹਾਲਟ ਨੇ ਮਹਿਸੂਸ ਕੀਤਾ ਕਿ ਕੋਈ ਨਾ ਟ੍ਰੈਕ ਦੀ ਵਰਤੋਂ ਕੀਤੀ ਜਾਵੇ ਤਾਂ ਕਿ ਮਿੱਟੀ ਵਿੱਚ ਭਾਰ ਦੇ ਕਾਰਨ ਪਹੀਏ ਦਾ ਧੱਸਣਾ ਬੰਦ ਹੋ ਜਾਵੇ। ਅਸਲ ਵਿੱਚ ਟੈਂਕਾਂ ਨੇ ਮਸ਼ੀਨਾਂ ਲਈ ਇੱਕ ਭੂਮੀ ਤਿਆਰ ਕੀਤੀ। ਇੱਥੇ ਤੱਕ ਕਿ ਖੁਰਦਰੀ ਜ਼ਮੀਨ ਜਾਂ ਫਿਰ ਚਿੱਕੜ ਵਾਲੀ ਭੂਮੀ ਉਤੇ ਵੀ ਇਨ੍ਹਾਂ ਨੂੰ ਲਗਾਇਆ ਗਿਆ।

ਇਹ ਅਸਪੱਸ਼ਟ ਹੈ ਕਿ ਹਾਲਟ ਨੇ ਇਹ ਹੱਲ ਖੁਦ ਕੱਢਿਆ ਜਾਂ ਉਸ ਨੂੰ ਕਿਸੇ ਦੂਜੇ ਨੇ ਇਹ ਵਿਚਾਰ ਦਿੱਤਾ, ਪਰ ਇੰਨਾ ਹੈ ਕਿ ਟ੍ਰੈਕ 'ਤੇ ਚੱਲਣ ਵਾਲੀ ਮਸ਼ੀਨ ਇੱਕ ਵਪਾਰਕ ਸਫਲਤਾ ਬੰਨ੍ਹ ਗਈ ਤੇ ਉਨ੍ਹਾਂ ਦੀ ਕੰਪਨੀ ਨੂੰ 'ਕੈਟਰਪਿੱਲਰ' ਕਿਹਾ ਜਾਣ ਲੱਗਾ। ਉਨ੍ਹਾਂ



ਨੇ 1910 ਵਿੱਚ ਇਸ ਦਾ ਟ੍ਰੇਡਮਾਰਕ ਕੀਤਾ ਅਤੇ 1925 ਵਿੱਚ ਇਸ ਕੰਪਨੀ ਨੂੰ ਨਵਾਂ ਨਾਂਅ 'ਕੈਟਰਪਿੱਲਰ ਟਰੈਕਟਰਜ਼' ਦਿੱਤਾ। ਅੱਜ ਇਹ ਵੱਡੀ ਅਤੇ ਮੋਹਰੀ ਕੰਪਨੀ ਹੈ।

'ਐਗਰੀਕਲਚਰਲ ਹਿਸਟਰੀ' ਨਾਂਅ ਦੇ ਮੈਗਜ਼ੀਨ ਵਿੱਚ ਇਤਿਹਾਸਕਾਰ ਰਿਨ-ਾਲਡ ਐੱਮ ਵਿਕ ਨੇ ਇਹ ਨੋਟ ਕੀਤਾ ਕਿ ਲਿਓ ਸਟੇਨਰ ਨਾਂਅ ਦੇ ਇੱਕ ਹੰਗੇਰੀਅਨ ਇੰਜੀਨੀਅਰ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇਕੈਟਰਪਿਲਰ ਟਰੈਕਟਰਾਂ ਦੀ ਲੜਾਈ ਦੇ ਮੈਦਾਨਾਂ ਵਿੱਚ ਸਮਰੱਥਾ ਵੇਖੀ। ਉਨ੍ਹਾਂ ਨੇ ਆਸਟਰੋ-ਹੰਗੇਰੀਅਨ ਫੌਜ ਨੂੰ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਕੈਟਰਪਿਲਰ ਟਰੈਕਟਰ ਤੋਪਾਂ ਨੂੰ ਖਿਚ ਸਕਦੇ ਹਨ, ਪਰ ਫੌਜ ਨੇ ਉਨ੍ਹਾਂ ਦੀ ਗੱਲ ਨੂੰ ਨਕਾਰ ਦਿੱਤਾ, ਜੋ ਬਾਅਦ ਵਿੱਚ ਵੱਡੀ ਇਤਿਹਾਸਕ ਭੁੱਲ ਸਾਬਤ ਹੋਈ। ਇੱਥੇ ਤੱਕ ਕਿ ਅਮਰੀਕੀ ਫੌਜ ਨੇ ਹਾਲਟ ਵਿੱਚ ਦਿਲਚਸਪੀ ਨਹੀਂ ਵਿਖਾਈ ਜਦੋਂ ਉਨ੍ਹਾਂ ਨੇ ਫੌਜ ਨਾਲ ਇਸ ਦੀ ਗੱਲ ਕੀਤੀ। ਫੌਜ ਨੇ ਕਿਹਾ ਕਿ ਇਹ ਕੰਮ ਖੱਚਰ ਅਤੇ ਘੋੜੇ ਵੀ ਕਰ ਸਕਦੇ ਹਨ।

ਫਿਰ ਸਫਲਤਾ ਬ੍ਰਿਟਿਸ਼ ਦੇ ਹੱਥ ਲੱਗੀ। 1915 ਵਿੱਚ ਪਹਿਲੀ ਸੰਸਾਰ ਜੰਗ ਦੇ ਪਹਿਲੇ ਸਾਲਾਂ ਵਿੱਚ ਵੱਡੇ ਨੁਕਸਾਨ ਨੂੰ ਝੱਲਣ ਦੇ ਬਾਅਦ ਬ੍ਰਿਟਿਸ਼ ਬੇਸਬਰੀ ਨਾਲ ਤੋਪਾਂ ਨੂੰ ਖਿੱਚਣ ਦਾ ਰਸਤਾ ਲੱਭ ਰਹੇ ਸਨ, ਜੋ ਜੰਗ ਦੇ ਮੈਦਾਨ ਦੇ ਚਿੱਕੜ ਵਿੱਚ ਫਸ ਜਾਂਦੀਆਂ ਸਨ। ਖੱਚਰ ਅਤੇ ਘੋੜੇ ਵੀ ਆਸਾਨੀ ਨਾਲ ਮਰ ਜਾਂਦੇ ਸਨ ਤੇ ਇੱਥੇ ਤੱਕ ਕਿ ਵਾਹਨਾਂ ਵਿੱਚ ਬੈਠੇ ਲੋਕ ਗੋਲੀਆਂ ਦਾ ਨਿਸ਼ਾਨਾ ਬਣ ਜਾਂਦੇ ਸਨ।ਜੁਲਾਈ 1914 ਵਿੱਚ ਇੱਕ ਬ੍ਰਿਟਿਸ਼ ਅਧਿਕਾਰੀ ਕਰਨਲ ਈ ਡੀ ਸਵਿੰਟਨ, ਜਿਨ੍ਹਾਂ ਦਾ ਜਨਮ ਬੰਗਲੌਰ ਵਿੱਚ ਹੋਇਆ ਸੀ, ਨੇ ਆਪਣੇ ਦੋਸਤ ਦਾ ਪੱਤਰ ਮਿਲਿਆ ਜਿਸ 'ਚ ਕੈਟਰਪਿਲਰ ਟਰੈਕਟਰਾਂ ਦਾ ਵਰਣਨ ਸੀ। ਸਵਿੰਟਨ ਨੇ ਸੋਚਿਆ ਕਿ ਇਹ ਹਥਿਆਰਬੰਦ ਵਾਹਨ ਦਾ ਆਧਾਰ ਹੋ ਸਕਦਾ ਹੈ, ਜੋ ਖੁਰਦਰੀ ਧਰਾਤਲ ਉਤੇ ਚੱਲ ਸਕਦਾ ਤੇ ਵੱਡੀ ਤੋਪ ਨੂੰ ਲਿਜਾ ਸਕਦਾ ਹੈ। ਅੱਗੇ ਦੀਆਂ ਜੰਗਾਂ ਵਿੱਚ ਬ੍ਰਿਟਿਸ਼ ਫੌਜ ਲਈ ਪਹਿਲੇ ਟੈਂਕਾਂ ਦਾ ਆਧਾਰ ਇਹੀ ਕੈਟਰਪਿਲਰ ਟਰੈਕਟਰ ਬਣੇ।ਬ੍ਰਿਟਿਸ਼ ਆਰਮੀ ਨੂੰ ਹਾਲਟ ਦੀ ਕੰਪਨੀ ਨੇ 2100 ਟ੍ਰੈਕ ਉਤੇ ਚੱਲਣ ਵਾਲੇ ਟਰੈਕਟਰ ਦਿੱਤੇ ਅਤੇ 1918 ਵਿੱਚ ਸਵਿੰਟਨ ਨੇ ਸਟਾਕਟਨ ਦੀ ਯਾਤਰਾ ਕੀਤੀ ਅਤੇ ਧੰਨਵਾਦ ਕੀਤਾ। ਉਨ੍ਹਾਂ ਨੇ ਕੈਟਰਪਿਲਰ ਦੇ ਕਰਮਚਾਰੀਆਂ ਨੂੰ ਦੱਸਿਆ ਕਿ ਉਨ੍ਹਾਂ ਦੇ ਟਰੈਕਟਰ ਜੰਗਾਂ ਨੂੰ ਜਿੱਤਣ ਲਈ ਬਹੁਤ ਮਹੱਤਵਪੂਰਨ ਸਨ। ਬਾਅਦ ਦੇ ਸਮੇਂ ਉਨ੍ਹਾਂ ਦੀ ਵਰਤੋਂ ਬੁਲਡੋਜ਼ਰ ਲਈ ਕੀਤੀ ਜਾਵੇਗੀ, ਜੋ ਦੂਜੀ ਸੰਸਾਰ ਜੰਗ ਦੌਰਾਨ ਬੜੇ ਮਹੱਤਵਪੂਰਨ ਬਣੇ। ਵਿਕ ਲਿਖਦੇ ਹਨ, ''ਐਡਮਿਰਲ ਵਿਲੀਅਮ ਐਫ ਹਾਲਸੇ ਨੇ 1945 ਵਿੱਚ ਕਿਹਾ ਕਿ ਪ੍ਰਸ਼ਾਂਤ ਮਹਾਸਾਗਰ ਵਿੱਚ ਚਾਰ ਮਸ਼ੀਨਾਂ ਨੇ ਜੰਗ ਨੂੰ ਜਿੱਤਿਆ, ਜੋ ਸਬਮੈਰੀਨ, ਜਹਾਜ਼, ਰਾਡਾਰ ਅਤੇ ਟਰੈਕਟਰ ਬੁਲਡੋਜ਼ਰ ਸਨ।''

1899 ਅਤੇ 1914 ਦੌਰਾਨ ਅੰਦਾਜ਼ਨ 6800 ਦੱਖਣੀ ਏਸ਼ੀਆਈ ਅਮਰੀਕਨ ਵੈਸਟ ਵਿੱਚ ਪੁੱਜੇ ਜੋ ਜ਼ਿਆਦਾਤਰ ਪੰਜਾਬ ਦੇ ਸਿੱਖ ਕਿਸਾਨ ਸਨ। ਉਨ੍ਹਾਂ ਨੂੰ ਭਾਰਤ ਤੋਂ ਬਾਹਰ ਖੇਤਾਂ ਦੇ ਆਕਾਰਾਂ ਦੇ ਘਟਣ ਅਤੇ ਕਰਜ਼ੇ ਦੇ ਵਧਣ ਦੇ ਕਾਰਨ ਧੱਕਿਆ ਗਿਆ, ਜਿਵੇਂ ਅਜੋਕਾ ਕਿਸਾਨ ਝੱਲ ਰਿਹਾ ਹੈ। ਉਨ੍ਹਾਂ ਨੇ ਕੈਲੀਫੋਰਨੀਆ ਦੀ ਉਪਜਾਊ ਧਰਤੀ ਬਾਰੇ ਸੁਣਿਆ, ਜਿੱਥੇ ਉਸ ਹੁਨਰ ਦੀ ਵਰਤੋਂ ਕੀਤੀ ਜਾ ਸਕਦੀ ਸੀ। ਇਹ ਲੋਕ ਸੈਂਟਰਲ ਵੈਲੀ ਸਟਾਕਟਨ ਦੇ ਨੇੜੇ-ਤੇੜੇ ਸਥਾਪਤ ਹੋਣ ਆ ਗਏ ਜਿੱਥੇ ਉਨ੍ਹਾਂ ਨੇ ਅਮਰੀਕਾ ਦਾ ਪਹਿਲਾ ਗੁਰਦੁਆਰਾ ਉਸਾਰਿਆ, ਜਿਸ ਨੂੰ 1912 ਵਿੱਚ ਸ਼ਰਧਾਲੂਆਂ ਦੇ ਲਈ ਖੋਲ੍ਹਿਆ ਗਿਆ। ਇਨ੍ਹਾਂ ਸਿੱਖ ਕਿਸਾਨਾਂ ਨੇ ਯਕੀਨਨ ਹਾਲਟ ਦੇ ਟਰੈਕਟਰਾਂ ਦੀ ਵਰਤੋਂ ਕੀਤੀ, ਪਰ ਉਨ੍ਹਾਂ ਦੀ ਰੁਚੀ ਖੇਤੀ ਤੱਕ ਸੀਮਿਤ ਨਹੀਂ ਸੀ।ਜਵਾਲਾ ਸਿੰਘ ਇੱਕ ਸਫਲ ਆਲੂ ਪੈਦਾ ਕਰਨ ਵਾਲੇ ਕਿਸਾਨ ਬਣੇ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ, ਗਦਰ ਪਾਰਟੀ ਦੇ ਸੰਸਥਾਪਕਾਂ 'ਚੋਂ ਇੱਕ ਬਣੇ। ਗਦਰ ਪਾਰਟੀ ਨੇ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਵਿਰੁੱਧ ਪਰਵਾਸੀ ਭਾਰਤੀਆਂ ਦਾ ਅੰਦੋਲਨ ਚਲਾਇਆ ਅਤੇ ਕ੍ਰਾਂਤੀ ਲਈ ਕੁਰਬਾਨੀ ਦਿੱਤੀ। ਪੰਜਾਬੀਆਂ ਦੀ ਅਗਵਾਈ ਵਾਲੇ ਰਾਜਨੀਤਕ ਪ੍ਰਦਰਸ਼ਨ ਦੀ ਪਹਿਲੀ ਆਧੁਨਿਕ ਮਿਸਾਲ ਗਦਰ ਸੀ, ਜੋ ਇਹੀ ਦੱਸਦਾ ਹੈ ਕਿ ਕਿਸ ਤਰ੍ਹਾਂ ਸਿੱਖ ਕਿਸਾਨਾਂ, ਟਰੈਕਟਰਾਂ ਅਤੇ ਟੈਂਕਾਂ ਦਰਮਿਆਨ ਕਿੰਨਾ ਡੂੰਘਾ ਸੰਬੰਧ ਹੈ।

# ਮੋਹ ਦੇ ਰਿਸ਼ਤੇ

-ਸੁਪਿੰਦਰ ਸਿੰਘ ਰਾਣਾ-

ਕਾਫੀ ਚਿਰ ਮਗਰੋਂ ਘਰ ਆਈ ਭੈਣ ਰਿਸ਼ਤੇਦਾਰਾਂ ਦੀਆਂ ਗੱਲਾਂ ਤੋਂ ਬਾਅਦ ਸਾਹਮਣੇ ਰਹਿੰਦੀ ਬੀਜੀ ਬਾਰੇ ਪੁੱਛਣ ਲੱਗ ਪਈ। ਮੈਂ ਕਿਹਾ, ਉਸ ਦਾ ਪਿਛਲੇ ਹਫਤੇ ਭੋਗ ਪੈ ਗਿਆ। ਉਹ ਇਹ ਸੁਣ ਕੇ ਸੁੰਨ ਜਿਹੀ ਹੋ ਗਈ। ਉਸ ਨੂੰ ਦੇਖ ਕੇ ਮੈਨੂੰ ਬੀਜੀ ਨਾਲ ਬਿਤਾਏ ਪਲ ਯਾਦ ਆ ਗਏ।

ਬੀਜੀ ਸਾਹਮਣੇ ਵਾਲੇ ਘਰ ਵਿੱਚ ਰਹਿੰਦੀ ਸੀ। ਕੋਈ ਉਸ ਨੂੰ ਮਾਤਾ, ਕੋਈ ਬੀਜੀ ਤੇ ਕੋਈ ਬੇਬੇ ਆਖਦਾ। ਚਿਹਰੇ 'ਤੇ ਝੁਰੜੀਆਂ ਅਤੇ ਅੱਖਾਂ ਉਤੇ ਮੋਟੇ ਸ਼ੀਸ਼ੇ ਵਾਲੀ ਐਨਕ ਪਾਉਣ ਵਾਲੀ ਬੀਜੀ ਨੇ ਜੀਊਂਦੇ ਜੀਅ ਆਪਣਾ ਸਿਰ ਕਦੇ ਨੰਗਾ ਨਾ ਹੋਣ ਦਿੱਤਾ। ਗਰਮੀਆਂ ਹੋਣ ਜਾਂ ਸਰਦੀਆਂ, ਉਸ ਦੇ ਸਿਰ 'ਤੇ ਚੁੰਨੀ ਰਹਿੰਦੀ। ਘਰ ਵਿੱਚ ਉਹ ਇਕੱਲੀ ਰਹਿੰਦੀ ਸੀ। ਜਦੋਂ ਅਸੀਂ ਪਿੰਡ ਤੋਂ ਆਏ ਤਾਂ ਦਾਦੀ ਕੁਝ ਸਮਾਂ ਸਾਡੇ ਕੋਲ ਰਹੀ। ਮਗਰੋਂ ਉਸ ਨੇ ਆਖਣਾ ਕਿ ਉਸ ਦਾ ਸ਼ਹਿਰ ਵਿੱਚ ਜੀਅ ਨਹੀਂ ਲੱਗਦਾ ਤੇ ਉਹ ਪਿੰਡ ਤਾਏ ਦੇ ਪਰਵਾਰ ਕੋਲ ਰਹਿਣ ਲੱਗ ਪਈ। ਸਾਡੇ ਕੋਲ ਉਹ ਕਾਫੀ ਦੇਰ ਬਾਅਦ ਗੇੜਾ ਮਾਰਦੀ। ਉਹ ਉਥੇ ਹੀ ਪੂਰੀ ਹੋਈ। ਉਸ ਪਿੱਛੋਂ ਅਸੀਂ ਤਿੰਨੇ ਭੈਣ ਭਰ ਬੀਜੀ ਨੂੰ ਆਪਣੀ ਦਾਦੀ ਸਮਝਦੇ। ਉਹ ਵੀ ਸਾਨੂੰ ਆਪਣੇ ਪੋਤਿਆਂ ਤੇ ਪੋਤੀਆਂ ਤੋਂ ਘੱਟ ਨਾ ਸਮਝਦੀ। ਹਰ ਤਿੱਥ ਤਿਉਹਾਰ ਨੂੰ ਉਹ ਸਾਨੂੰ ਕੋਈ ਨਾ ਕੋਈ ਚੀਜ਼ ਦੇਣਾ ਨਾ ਭੁੱਲਦੀ। ਉਹ ਦੱਸਦੀ ਹੁੰਦੀ ਸੀ ਕਿ ਜਦੋਂ ਉਸ ਦਾ ਪੁੱਤਰ ਛੋਟਾ ਜਿਹਾ ਸੀ ਤਾਂ ਉਸ ਦਾ ਪਤੀ ਗੁਜ਼ਰ ਗਿਆ। ਹਿੰਮਤ ਕਰਕੇ ਉਸ ਨੇ ਇਕੱਲੀ ਨੇ ਪੁੱਤ ਪਾਲਿਆ। ਸੱਕੇ ਸੰਬੰਧੀਆਂ ਦੀ ਪ੍ਰਵਾਹ ਕੀਤੇ ਬਗੈਰ ਪੁੱਤਰ ਦੇ ਨਾਲ ਜ਼ਮੀਨ ਦੀ ਵੀ ਰਾਖੀ ਕੀਤੀ। ਉਸ ਦੇ ਸ਼ਰੀਕ ਉਸ ਦੀ ਜ਼ਮੀਨ ਹੜੱਪਣਾ ਚਾਹੁੰਦੇ ਸਨ, ਪਰ ਉਹ ਨਿਡਰ ਹੋ ਕੇ ਖੇਤਾਂ ਵਿੱਚ ਖੜ੍ਹ ਕੇ ਖੇਤੀ ਕਰਵਾਉਂਦੀ। ਪੁੱਤਰ ਨੂੰ ਅੱਖਾਂ ਤੋਂ ਦੂਰ ਨਾ ਹੋਣ ਦਿੰਦੀ।

ਹੌਲੀ-ਹੌਲੀ ਪੁੱਤਰ ਜਵਾਨ ਹੋ ਗਿਆ। ਵਿਆਹ ਮਗਰੋਂ ਉਹਨੇ ਸ਼ਹਿਰ ਵਿੱਚ ਰਿਹਾਇਸ਼ ਕਰ ਲਈ ਅਤੇ ਆਪਣੀ ਮਾਤਾ ਨੂੰ ਸ਼ਹਿਰ ਲੈ ਗਿਆ। ਬੀਜੀ ਆਪਣੇ ਪੋਤੇ ਪੋਤਰੀਆਂ ਨਾਲ ਸ਼ਹਿਰ ਰਹਿਣ ਲੱਗ ਪਈ। ਜ਼ਮੀਨ ਠੇਕੇ 'ਤੇ ਦੇ ਦਿੱਤੀ। ਕੁਝ ਸਮੇਂ ਬਾਅਦ ਉਸ ਦਾ ਪੁੱਤਰ ਤੇ ਨੂੰਹ ਆਪਣੇ ਬੱਚਿਆਂ ਨਾਲ ਵਿਦੇਸ਼ ਚਲੇ ਗਏ ਤੇ ਉਹ ਇਕੱਲੀ ਰਹਿ ਗਈ। ਸਵੇਰ ਸ਼ਾਮ ਬਿਨਾਂ ਨਾਗਾ ਗੁਰਦੁਆਰੇ ਜਾਂਦੀ। ਜਦੋਂ ਸਾਡੀ ਮਾਤਾ ਪੂਰੀ ਹੋਈ ਤਾਂ ਬੀਜੀ ਨੇ ਰੋਜ਼ ਸਾਡੇ ਘਰ ਬੈਠੇ ਰਹਿਣਾ, ਸਾਨੂੰ ਹਿੰਮਤ ਦੇਣੀ। ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਨੇ। ਰਿਸ਼ਤੇਦਾਰ ਤੇ ਸੱਕੇ ਸੰਬੰਧੀ ਥੋੜ੍ਹੇ ਚਿਰ ਬਾਅਦ ਘਰ ਆਉਣੋਂ ਹਟ ਗਏ, ਪਰ ਬੀਜੀ ਸਾਡੇ ਕੋਲ ਰੋਜ਼ ਬੈਠ ਜਾਂਦੀ ਤੇ ਉਸ ਨੇ ਸਾਡਾ ਇਕੱਲਾਪਣ ਦੁਖਾਂਤ ਦੀ ਥਾਂ ਸੁਖਾਂਤ ਵਿੱਚ ਬਦਲ ਦਿੱਤਾ। ਸਵੇਰੇ ਖਾਣਾ ਖਾਣ ਮਗਰੋਂ ਉਹ ਸਾਡੇ ਨਾਲ ਹੱਥ ਵਟਾਉਂਦੀ। ਕਹਿ ਕਹਿ ਕੇ ਰੋਟੀ ਬਣਵਾਉਂਦੀ। ਜਿਹੜੀ ਚੀਜ਼ ਦੀ ਸਾਨੂੰ ਜਾਚ ਨਾ ਹੁੰਦੀ, ਉਸ ਨੇ ਝਟ ਦੱਸ ਦੇਣਾ। ਸਮਝਾਉਣਾ ਵੀ ਇਸ ਲਹਿਜ਼ੇ ਵਿੱਚ ਕਿ ਅਸੀਂ ਅੱਜ ਤੱਕ ਨਹੀਂ



ਭੁੱਲੇ।

ਦੁਪਹਿਰੇ ਖਾਣਾ ਖਾਣ ਤੋਂ ਬਾਅਦ ਉਹ ਪਿਤਾ ਜੀ ਕੋਲ ਆ ਬੈਠਦੀ। ਪਿਤਾ ਜੀ ਅਧਰੰਗ ਹੋਣ ਕਾਰਨ ਬਾਹਰ ਮੰਜੇ 'ਤੇ ਪਏ ਰਹਿੰਦੇ ਸਨ। ਉਹ ਕਾਫੀ ਦੇਰ ਉਨ੍ਹਾਂ ਕੋਲ ਬੈਠੀ ਬੀਤੇ ਸਮੇਂ ਦੀਆਂ ਗੱਲਾਂ ਕਰਦੀ ਰਹਿੰਦੀ। ਜਦੋਂ ਸਾਡਾ ਸਾਰਾ ਪਰਵਾਰ ਦੁਪਹਿਰੇ ਆਰਾਮ ਕਰ ਰਿਹਾ ਹੁੰਦਾ ਤਾਂ ਉਹ ਦੋਵੇਂ ਗੱਲਾਂ ਕਰ ਕੇ ਬੀਤੇ ਨੂੰ ਯਾਦ ਕਰਦੇ। ਬੀਜੀ ਬਿਰਧ ਹੋਣ ਦੇ ਬਾਵਜੂਦ ਆਪਣੀ ਰੋਟੀ ਆਪ ਤਿਆਰ ਕਰਦੀ। ਗੈਸ ਸਿਲੰਡਰ ਬਦਲਣ ਵੇਲੇ ਉਹ ਮੇਰੀ ਪਤਨੀ ਨੂੰ ਆਪਣੇ ਘਰ ਲੈ ਜਾਂਦੀ। ਸਾਨੂੰ ਉਸ ਦੇ ਪੁੱਤਰ ਅਤੇ ਨੂੰਹ 'ਤੇ ਕਈ ਵਾਰ ਗਿਲਾ ਆਇਆ ਕਿ ਉਹ ਉਸ ਨੂੰ ਇਕੱਲੀ ਨੂੰ ਕਿਉਂ ਛੱਡ ਗਏ।

ਇੱਕ ਵਾਰ ਉਸ ਦੇ ਪੁੱਤਰ ਨੂੰਹ ਨੇ ਉਸ ਨੂੰ ਵਿਦੇਸ਼ ਬੁਲਾਉਣ ਲਈ ਉਸ ਦਾ ਪਾਸਪੋਰਟ ਬਣਾ ਦਿੱਤਾ, ਪਰ ਉਹ ਵਿਦੇਸ਼ ਜਾਣਾ ਨਹੀਂ ਸੀ ਚਾਹੁੰਦੀ। ਉਸ ਨੇ ਦੱਸਿਆ ਕਿ ਜਦੋਂ ਵੀਜ਼ੇ ਲਈ ਉਹਨੂੰ ਅੰਬੈਸੀ ਲੈ ਕੇ ਗਏ ਤਾਂ ਉਹਨੇ ਅਫਸਰ ਨੂੰ ਆਖ ਦਿੱਤਾ ਕਿ ਉਹ ਬਾਹਰ ਨਹੀਂ ਜਾਣਾ ਚਾਹੁੰਦੀ। ਕੁਦਰਤੀ ਉਸ ਦੀ ਇਹ ਮੁਰਾਦ ਪੂਰੀ ਹੋ ਗਈ, ਉਸ ਦਾ ਵੀਜ਼ਾ ਨਾ ਲੱਗਿਆ। ਉਹਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਰੋਪੜ ਭੱਠਾ ਸਾਹਿਬ ਗੁਰਦੁਆਰੇ ਜਾ ਕੇ ਦੇਗ ਕਰਾਈ। ਅਸੀਂ ਬਥੇਰਾ ਕਿਹਾ ਕਿ ਬਹਾਨੇ ਨਾਲ ਵਿਦੇਸ਼ ਘੁੰਮ ਆਉਣਾ ਤੇ ਆਪਣੇ ਪੋਤੇ ਪੋਤੀਆਂ ਨੂੰ ਮਿਲ ਆਉਣਾ ਸੀ, ਪਰ ਉਹ ਆਖਣ ਲੱਗੀ, ''ਤੁਸੀਂ ਕਿਹੜਾ ਬੇਗਾਨੇ ਹੋ।'' ਉਹ ਆਖਦੀ, ਜਦ ਸਾਰੀ ਉਮਰ ਇਕੱਲੀ ਨੇ ਕੱਢ ਦਿੱਤੀ, ਅੱਜ ਬਾਹਰ ਜਾ ਕੇ ਕੀ ਲੈਣਾ। ਉਹ ਵਿਹਲੇ ਸਮੇਂ ਰੇਡੀਓ ਸੁਣੀ ਜਾਂਦੀ। ਉਸ ਦੀ ਉਮਰ 95 ਸਾਲਾਂ ਦੀ ਹੋ ਗਈ ਸੀ। ਦੋ ਕੁ ਸਾਲ ਪਹਿਲਾਂ ਪੈਰ ਤਿਲਕਣ ਕਾਰਨ ਉਸ ਦਾ ਚੂਲ੍ਹਾ ਟੁੱਟ ਗਿਆ ਅਤੇ ਤੁਰਨ ਫਿਰਨ ਤੋਂ ਮੁਥਾਜ ਹੋ ਗਈ। ਆਪਣੀ ਨੂੰਹ ਦੀ ਸਹੇਲੀ ਤੇ ਪੁੱਤਰ ਦੀ ਬਣੀ ਭੈਣ ਦੇ ਘਰ ਉਹ ਕਾਫੀ ਦੇਰ ਰਹੀ। ਉਸ ਦੇ ਪੁੱਤਰ ਤੇ ਨੂੰਹ ਜਦੋਂ ਇਥੇ ਆਏ ਤਾਂ ਉਹ ਬੀਜੀ ਨੂੰ ਘਰ ਲੈ ਆਏ। ਅਸੀਂ ਦੋਵੇਂ ਜੀਅ ਉਹਨੂੰ ਮਿਲਣ ਗਏ। ਸਾਨੂੰ ਦੇਖ ਕੇ ਉਹਨੇ ਅੱਖਾਂ ਭਰ ਲਈਆਂ ਅਤੇ ਘੁੱਟ ਕੇ ਸੀਨੇ ਨਾਲ ਲਾ ਲਿਆ, ਸਾਰੇ ਪਰਵਾਰ ਦੀ ਸੁੱਖ ਸਾਂਦ ਪੁੱਛੀ। ਉਹ ਸਾਡੇ ਕੋਲ ਰਹਿਣਾ ਚਾਹੁੰਦੀ ਸੀ, ਪਰ ਉਸ ਦੇ ਪੁੱਤਰ ਨੂੰਹ ਨਾ ਮੰਨੇ।

ਪਿਛਲੀਆਂ ਗੱਲਾਂ ਯਾਦ ਕਰ ਕੇ ਆਪਣੀ ਭੈਣ ਵੱਲ ਦੇਖਿਆ ਤਾਂ ਉਸ ਦੀਆਂ ਅੱਖਾਂ ਨਮ ਸਨ। ਅਸੀਂ ਦੋਵੇਂ ਭੈਣ ਭਰਾ ਆਪਣੀ ਮਾਂ ਦੀ ਮੌਤ ਤੋਂ ਬਾਅਦ ਦੇ ਦਿਨਾਂ ਨੂੰ ਯਾਦ ਕਰਨ ਲੱਗੇ। ਕਈ ਵਾਰ ਸੋਚਦਾ ਹਾਂ, ਬੀਜੀ ਨੇ ਸਾਰੀ ਉਮਰ ਇਕੱਲਿਆਂ ਕੱਢ ਦਿੱਤੀ ਅਤੇ ਮੌਤ ਵੇਲੇ ਵੇਲੇ ਕੋਰੋਨਾ ਕਾਰਨ ਉਸ ਦੇ ਪੁੱਤਰ ਨੂੰਹ ਤੇ ਪੋਤੇ ਪੋਤਰੀਆਂ ਵਿਦੇਸ਼ੋਂ ਨਾ ਆ ਸਕੇ। ਹੁਣ ਜਦੋਂ ਕਦੇ ਘਰ ਵਿੱਚ ਇਕੱਲਾ ਰਹਿਣਾ ਪੈ ਜਾਂਦਾ ਹੈ ਤਾਂ ਬੀਜੀ ਦੀ ਜੀਵਨ ਕਹਾਣੀ ਯਾਦ ਕਰ ਕੇ ਇਕਾਂਤ ਸੁਖਾਂਤ ਵਿੱਚ ਬਦਲਿਆ ਪ੍ਰਤੀਤ ਹੁੰਦਾ ਹੈ।

# ਅੱਡੇ ਅੱਜਕੱਲ੍ਹ ਖੇੜਾ ਨਹੀਂ ਦਿੰਦੇ...

-ਸੁਖਦੇਵ ਸਿੰਘ ਮਾਨ

ਅਕਤੂਬਰ 1980 ਦੀ ਗੱਲ ਹੈ, ਹੋਰ ਬਸ ਅੱਡਿਆਂ ਵਾਂਗ ਸਾਡੀ ਮੌੜ ਮੰਡੀ ਦੇ ਬਸ ਅੱਡੇ 'ਤੇ ਵੀ ਕਿਤਾਬਾਂ ਦੀ ਵੱਡੀ ਦੁਕਾਨ ਸੀ। ਲਾਲਾ ਸਭਰਵਾਲ ਰੈਕਾਂ ਵਿੱਚ ਚਿਣ ਕਿਤਾਬਾਂ ਦੇ ਕਵਰ ਸ਼ੀਸ਼ੇ ਵਾਂਗ ਚਮਕਾ ਕੇ ਰੱਖਦਾ। ਇਹ ਕਿਤਾਬਾਂ ਸਕੂਲੀ ਨਹੀਂ, ਸਹਿਤ ਦੀਆਂ ਹੁੰਦੀਆਂ ਸਨ। ਅੱਡੇ ਉਤੇ ਬਸ ਪੈਰ ਮਲਦੀ ਤਾਂ ਕੋਈ ਤੱਤਾ ਗਾਹਕ ਸਭਰਵਾਲ ਨੂੰ ਆਵਾਜ਼ ਮਾਰਦਾ, ''ਚਾਚਾ ਸਭਰਵਾਲਾ, ਬੂਟਾ ਸਿੰਘ ਸ਼ਾਦ ਦਾ ਕੋਈ ਨਵਾਂ ਨਾਵਲ ਆਇਐ।'' ਕੋਈ ਹੋਰ ਬੋਲਦਾ, ''ਮੋਹਨ ਕਾਹਲੋਂ ਦਾ ਕੋਈ ਨਾਵਲ ਦੇ ਦੇ ਸਭਰਵਾਲਾ।'' ਐਨਕਾਂ ਸੂਤ ਕਰਦਾ ਸਭਰਵਾਲ ਨਾਵਲ ਕੱਢੀ ਜਾਂਦਾ, ਨਾਲ ਲੇਖਕਾਂ ਬਾਰੇ ਚਟਖਾਰੇ ਲੈ ਲੈ ਗੱਲਾਂ ਸੁਣਾਈ ਜਾਂਦਾ। ਸਭਰਵਾਲ ਸ਼ਾਦ ਦਾ ਕੋਈ ਨਵਾਂ ਨਾਵਲ ਆਉਣ ਤੋਂ ਪਹਿਲਾਂ ਹੀ ਗੱਤੇ 'ਤੇ ਮੋਟੇ ਅੱਖਰਾਂ ਵਿੱਚ ਇਹ ਜ਼ਰੂਰ ਲਿਖਦਾ: 'ਲੰਮੀ ਚੁੱਪ ਮਗਰੋਂ ਬੂਟਾ ਸਿੰਘ ਸ਼ਾਦ ਦਾ ਇੱਕ ਹੋਰ ਧਮਾਕਾ'।

ਮੈਂ ਪਾਸੇ ਖੜ੍ਹਾ ਸਭਰਵਾਲ ਦੀਆਂ ਗੱਲਾਂ ਦਿਲਚਸਪੀ ਨਾਲ ਸੁਣੀ ਜਾਂਦਾ। ਸਭਰਵਾਲ ਸਿਆਣੇ ਪਾਠਕਾਂ ਨੂੰ ਇਹ ਵੀ ਕਹਿੰਦਾ, ''ਦੇਖੋ ਜੀ, ਇੱਕ ਵਾਰੀ ਪਾਠਕ ਗਲਪ ਸਾਹਿਤ ਨੂੰ ਮੂੰਹ ਮਾਰਦਾ, ਫਿਰ ਹੌਲੀ-ਹੌਲੀ ਗੰਭੀਰ ਸਾਹਿਤ ਵੱਲ ਮੁੜ ਜਾਂਦਾ। ਇਸ ਤਰ੍ਹਾਂ ਦੇ ਬਹੁਤ ਪਾਠਕਾਂ ਨੂੰ ਮੈਂ ਜਾਣਦਾ ਹਾਂ।''

ਸਭਰਵਾਲ ਨਾਲ ਹੋਰ ਨੇੜਤਾ ਲਈ ਮੈਂ ਉਸ ਕੋਲੋਂ ਸਾਹਿਤ ਦੀਆਂ ਕਈ ਕਿਤਾਬਾਂ ਮੁੱਲ ਲਈਆਂ। ਜਦੋਂ ਉਹ ਮੇਰੇ ਚਿਹਰੇ ਦਾ ਸਿਆਣੂ ਹੋ ਗਿਆ ਤਾਂ ਮੈਂ ਝਿਜਕ ਲਾਹ ਕੇ ਸਭਰਵਾਲ ਨੂੰ ਦੱਸਿਆ, ''ਚਾਚਾ, ਮੈਂ ਵੀ ਲੇਖਕ ਹਾਂ। ਮੇਰਾ ਨਾਵਲ ਵੀ ਦਿੱਲੀ ਦਾ ਪ੍ਰਕਾਸ਼ਕ ਛਾਪ ਰਿਹੈ।'' ਸਭਰਵਾਲ ਮੇਰੇ ਵੱਲ ਫਟੀਆਂ-ਫਟੀਆਂ ਅੱਖਾਂ ਨਾਲ ਦੇਖਣ ਲੱਗਾ। ਇੰਨੀ ਕੁ ਛੋਟੀ ਉਮਰ, ਜਦੋਂ ਮੇਰੀ ਥੋੜ੍ਹੀ ਥੋੜ੍ਹੀ ਦਾੜ੍ਹੀ ਫੁੱਟ ਗਈ ਸੀ, ਵਿੱਚ ਨਾਵਲ ਲਿਖਣ ਦੀ ਗੱਲ ਸਭਰਵਾਲ ਨੂੰ ਅਚੰਭੇ ਵਾਲੀ ਲੱਗੀ। ਮੈਂ ਸਭਰਵਾਲ ਨੂੰ ਛਪ ਰਹੇ ਨਾਵਲ ਦਾ ਕਵਰ ਦਿਖਾਇਆ। ਕਵਰ ਦੇਖ ਕੇ ਸਭਰਵਾਲ ਨੇ ਗੱਤਾ ਚੁੱਕਿਆ ਤੇ ਹੋਰ ਲੇਖਕਾਂ ਨਾਲ ਮੇਰੇ ਨਾਂਅ ਵਾਲਾ ਗੱਤਾ ਵੀ ਸੁੰਦਰ ਲਿਖਾਈ ਵਿੱਚ ਲਿਖ ਕੇ ਚਿਪਕਾ ਦਿੱਤਾ।


ਕੁਝ ਦਿਨ ਮਗਰੋਂ ਮੇਰੇ ਨਾਵਲ ਦਾ ਦਿੱਲੀ ਵਾਲਾ ਪ੍ਰਕਾਸ਼ਕ ਮੇਰਾ ਨਵਾਂ ਛਪਿਆ ਨਾਵਲ ਲੈ ਕੇ ਆ ਗਿਆ। ਨਾਵਲ ਤੇ ਪ੍ਰਕਾਸ਼ਕ ਨੂੰ ਦੇਖ ਕੇ ਸਭਰਵਾਲ ਬੜਾ ਖੁਸ਼ ਹੋਇਆ। ਉਸ ਨਾਵਲ ਦੀਆਂ 400 ਕਾਪੀ ਲੈ ਲਈਆਂ। ਸਭਰਵਾਲ ਨੇ ਪ੍ਰਕਾਸ਼ਕ ਦੇ ਬੈਠਿਆਂ ਹੀ ਦਸ ਕਾਪੀਆਂ ਵੇਚ ਦਿੱਤੀਆਂ। ਇੰਝ ਨਾਵਲ ਵਿਕਦਾ ਦੇਖ ਕੇ ਪ੍ਰਕਾਸ਼ਕ ਨੂੰ ਮੇਰੇ ਵਿੱਚੋਂ ਭਵਿੱਖ ਦਾ ਕੋਈ ਵਧੀਆ ਨਾਵਲਕਾਰ ਦਿਸਣ ਲੱਗ ਪਿਆ। ਉਸ ਨੇ ਨੰਦ ਹਲਵਾਈ ਦੇ ਹੋਟਲ ਤੋਂ ਮੈਨੂੰ ਚਾਹ ਨਾਲ ਬਰਫੀ ਵੀ ਖੁਆਈ ਅਤੇ ਭਵਿੱਖ ਵਿੱਚ ਲਿਖਣ ਲਈ ਵਿਸ਼ੇ ਵੀ ਦੱਸੇ।

ਸਭਰਵਾਲ ਰੋਜ਼ ਹੀ ਸਵੇਰੇ ਮੈਨੂੰ ਕੁਰਸੀ 'ਤੇ ਬਹਾ ਲਿਆ ਕਰੇ। ਜਦੋਂ ਕੋਈ ਪਾਠਕ ਨਾਵਲ ਲੈਣ ਆਇਆ ਕਰੇ ਤਾਂ ਸਭਰਵਾਲ ਪੂਰੇ ਗੰਭੀਰ ਢੰਗ ਨਾਲ ਪਾਠਕ ਨਾਲ ਪਛਾਣ ਕਰਾਇਆ ਕਰੇ। ਮੇਰੀ ਉਠਕ ਬੈਠਕ ਸਭਰਵਾਲ ਕੋਲ ਜਾਰੀ ਰਹੀ। ਸਭਰਵਾਲ ਨੇ ਤਿੰਨ ਮਹੀਨਿਆਂ ਵਿੱਚ ਸਾਰੀ ਕਿਤਾਬ ਵੇਚ ਲਈ।

ਵਕਤ ਬਦਲਦਾ ਗਿਆ। ਸਭਰਵਾਲ ਦੁਕਾਨ 'ਤੇ ਜੰਮਿਆ ਰਿਹਾ। ਪਿੱਛੇ ਜਿਹੇ ਮੈਂ ਬਜ਼ੁਰਗ ਹੋ ਚੁੱਕੇ ਸਭਰਵਾਲ ਨੂੰ ਆਪਣਾ ਨਵਾਂ ਛਪਿਆ ਨਾਵਲ 'ਟਿਕੀ ਹੋਈ ਰਾਤ' ਦੁਕਾਨ ਵਿੱਚ ਰੱਖਣ ਲਈ ਦੇਣ ਗਿਆ। ਉਸ ਨਾਵਲ ਮੈਥੋਂ ਫੜ ਕੇ ਰੱਖ ਲਿਆ। ਸਭਰਵਾਲ ਦਾ ਚਿਹਰਾ ਝਮਿਆ ਹੋਇਆ ਸੀ। ਉਹ ਬੀਤੇ ਵਕਤ ਦੀਆਂ ਗੱਲਾਂ ਕਰਨ ਲੱਗਾ, ਜਦੋਂ ਪਾਠਕ ਕਿਤਾਬ ਨੂੰ ਉਡੀਕਦਾ ਸੀ, ਅੱਜਕੱਲ੍ਹ ਕਿਤਾਬ ਪਾਠਕ ਨੂੰ ਉਡੀਕਣ ਲੱਗੀ ਹੈ। ਇਸ ਸਭ ਕਾਸੇ ਦਾ ਭਾਂਡਾ ਮੋਬਾਈਲ ਕਲਚਰ ਸਿਰ ਭੰਨਦਿਆਂ ਸਭਰਵਾਲ ਕਹਿੰਦਾ, ''ਚਾਰ ਮਹੀਨਿਆਂ ਨੂੰ ਪਤਾ ਲਈਂ, ਜੇ ਚਾਰ ਕਿਤਾਬਾਂ ਵਿਕ ਗਈਆਂ ਤਾਂ ਚਾਰ ਪੈਸੇ ਤੈਨੂੰ ਵੀ ਦੇ ਦੇਵਾਂਗੇ। ਉਂਝ ਹਾਲਤ ਕਿਤਾਬ ਦੀ ਮਾੜੀ ਬਹੁਤ ਆ।''

ਕਈ ਮਹੀਨਿਆਂ ਬਾਅਦ ਮੈਂ ਅੱਡੇ 'ਤੇ ਗਿਆ ਤਾਂ ਉਥੇ ਸਭਰਵਾਲ ਦੀ ਦੁਕਾਨ ਨਹੀਂ ਸੀ। ਸਭਰਵਾਲ ਦੀ ਇਸ ਦੁਕਾਨ ਦੀ ਥਾਂ ਕਮੇਟੀ ਵਾਲਿਆਂ ਵੱਡਾ ਲਵਲੀ ਸਵੀਟ ਸਟੋਰ ਉਸਾਰ ਦਿੱਤਾ ਸੀ। ਜਦੋਂ ਮੈਂ ਸਟੋਰ ਦੇ ਮਾਲਕ ਨੂੰ ਸਭਰਵਾਲ ਬਾਰੇ ਪੁੱਛਿਆ ਤਾਂ ਕਹਿੰਦਾ, ''ਚਾਚਾ, ਕਿਤਾਬਾਂ ਦੀਆਂ ਦੁਕਾਨਾਂ ਕਮੇਟੀ ਦੇ ਵਧੇ ਕਿਰਾਏ ਦਾ ਭਾਰ ਨਹੀਂ ਚੁੱਕ ਸਕਦੀਆਂ। ਬਠਿੰਡੇ ਅੱਡੇ ਵਾਲਾ ਵਰਮਾ ਵੀ ਅੱਡੇ ਦੀ ਮਗਰਲੀ ਗਲੀ ਵਿੱਚ ਚਲਾ ਗਿਆ। ਰਾਮਪੁਰੇ ਵਾਲਾ ਸ਼ਰਮਾ ਅੱਡੇ ਦੀ ਮਗਰਲੀ ਗਲੀ ਵਿੱਚ ਚਲਾ ਗਿਆ। ਇਹੀ ਹਾਲ ਆਪਣੇ ਸਭਰਵਾਲ ਦਾ ਹੋਇਆ। ਉਹ ਅੱਡੇ ਦੀ ਮਗਰਲੀ ਗਲੀ ਵਿੱਚ ਹੈ।''

ਲਵਲੀ ਦੀ ਦੁਕਾਨ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਨਾਲ ਭਰੀ ਪਈ ਸੀ, ਪਰ ਸਭਰਵਾਲ ਦੀ ਦੁਕਾਨ ਤੋਂ ਖਾਲੀ ਅੱਡਾ ਮੈਨੂੰ ਬਹੁਤ ਸੁੰਨੀ ਥਾਂ ਜਾਪ ਰਿਹਾ ਸੀ। ਅੱਜ ਵੀ ਮਨ ਲੋਚਦਾ ਹੈ ਕਿ ਉਹ ਦਿਨ ਪਰਤਣਗੇ ਜਦੋਂ ਨਵੀਂ ਪੀੜ੍ਹੀ ਦੇ ਮੋਢੇ 'ਤੇ ਤਬਦੀਲੀ ਦਾ ਝੰਡਾ ਅਤੇ ਹੱਥ ਵਿੱਚ ਕਿਤਾਬ 'ਤੇ ਲੋੜ ਲਈ ਮੋਬਾਈਲ ਜੇਬ ਵਿੱਚ ਹੋਵੇਗਾ।





## ਗੁੱਸੇ ਵਿੱਚ ਭੜਕੇ ਭਰਾ ਨੇ ਬਾਲਾ ਮਾਰ ਕੇ ‘ਤਾਲਿਬਾਨ’ਮਾਰ ਦਿੱਤਾ

ਨਵਾਂ ਸ਼ਹਿਰ, 7 ਫਰਵਰੀ (ਪੋਸਟ ਬਿਊਰੋ)- ਪਿੰਡ ਚਣਕੋਆ ਦੇ ਖੇਤ ਵਿੱਚ ਬਣੀ ਮੋਟਰ 'ਤੇ ਰਹਿੰਦੇ ਪਰਵਾਸੀ ਮਜ਼ਦੂਰ ‘ਤਾਲਿਬਾਨ’ ਦੇ ਕਤਲ ਕੇਸ ਵਿੱਚ ਪੁਲਸ ਨੇ ਉਸ ਦੇ ਭਰਾ ਸ੍ਰੀਪਾਲ ਨੂੰ ਗ੍ਰਿਫਤਾਰ ਕੀਤਾ ਹੈ।

ਇੱਥੇ ਪ੍ਰੈਸ ਕਾਨਫਰੰਸ ਦੌਰਾਨ ਐਸ ਪੀ (ਜਾਂਚ) ਵਜ਼ੀਰ ਸਿੰਘ ਖਹਿਰਾ ਨੇ ਦੱਸਿਆ ਕਿ ਉਨ੍ਹਾਂ ਦੀ ਨਿਗਰਾਨੀ ਹੇਠ ਡੀ ਐਸ ਪੀ ਬਲਾਚੌਰ ਤਰਲੋਚਨ ਸਿੰਘ ਅਤੇ ਐਸ ਆਈ ਅਵਤਾਰ ਸਿੰਘ ਐਸ ਐਚ ਓ ਪੁਲਸ ਥਾਣਾ ਬਲਾਚੌਰ ਦੀ ਟੀਮ ਨੇ ਤਲਾਸ਼ੀ ਮੁਹਿੰਮ ਚਲਾ ਕੇ ਦੋਸ਼ੀ ਸ੍ਰੀਪਾਲ ਨੂੰ ਬਲਾਚੌਰ ਤੋਂ ਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਹੈ। ਮੁਲਜ਼ਮ ਸ੍ਰੀਪਾਲ ਦਾ ਆਪਣੇ ਭਰਾ ਤਾਲਿਬਾਨ ਨਾਲ ਪੈਸਿਆਂ ਕਾਰਨ ਝਗੜਾ ਹੋਇਆ ਸੀ। ਇਸ ਕਰ ਕੇ ਸ੍ਰੀਪਾਲ ਨੇ ਸ਼ਰਾਬ ਦੇ ਨਸ਼ੇ ਵਿੱਚ ਤਾਲਿਬਾਨ ਦੇ ਸਿਰ ਵਿੱਚ ਲੱਕੜ ਦਾ ਬਾਲਾ ਮਾਰਿਆ ਸੀ। ਉਸ ਕੋਲੋਂ ਵਾਰਦਾਤ ਵੇਲੇ ਵਰਤਿਆ ਲੱਕੜ ਦਾ ਬਾਲਾ ਬਰਾਮਦ ਹੋ ਗਿਆ ਹੈ। ਥਾਣਾ ਬਲਾਚੌਰ ਦੇ ਐਸ ਆਈ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਟੀਮ ਸਮੇਤ ਗਸ਼ਤ ਦੌਰਾਨ ਚਣਕੋਆ ਵਿੱਚ ਸਨ ਤਾਂ ਮਨਜੀਤ ਸਿੰਘ ਵਾਸੀ ਸਿੰਬਲ ਮਾਜਰਾ ਨੇ ਦੱਸਿਆ ਕਿ ਉਸ ਨੇ ਪਿੰਡ ਚਣਕੋਆ ਵਿੱਚ ਪਿਆਰਾ ਸਿੰਘ ਦੀ ਜ਼ਮੀਨ ਠੇਕੇ 'ਤੇ ਲਈ ਹੈ ਅਤੇ ਉਸ ਦੀ ਜ਼ਮੀਨ 'ਤੇ ਲੱਗੀ ਮੋਟਰ 'ਤੇ ਪਰਵਾਸੀ ਮਜ਼ਦੂਰ ਤਾਲਿਬਾਨ ਕਰੀਬ ਦੋ ਮਹੀਨੇ ਤੋਂ ਆਪਣੇ ਭਰਾ ਸ੍ਰੀਪਾਲ ਨਾਲ ਰਹਿੰਦਾ ਸੀ। ਕੱਲ੍ਹ ਰਾਤ ਤਾਲਿਬਾਨ ਦਾ ਕਤਲ ਹੋ ਗਿਆ ਤੇ ਭਰਾ ਸ੍ਰੀਪਾਲ ਮੌਕੇ ਤੋਂ ਫਰਾਰ ਹੋ ਗਿਆ ਹੈ। ਪੁਲਸ ਨੇ ਕੇਸ ਥਾਣਾ ਬਲਾਚੌਰ ਵਿੱਚ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਸੀ।

## ਕਾਰੋਬਾਰੀ ਨੇ ਪਰਿਵਾਰ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ



ਫਰੀਦਕੋਟ, 7 ਫਰਵਰੀ (ਪੋਸਟ ਬਿਊਰੋ)- ਇੱਥੋਂ ਨਾਰਾਇਣ ਨਗਰ 'ਚ ਕੱਲ੍ਹ ਤੜਕੇ ਨੌਜਵਾਨ ਕਾਰੋਬਾਰੀ ਨੇ ਆਪਣੀਆਂ ਪ੍ਰੇਸ਼ਾਨੀਆਂ ਕਰ ਕੇ ਆਪਣੇ ਸੁੱਤੇ ਹੋਏ ਪਰਵਾਰ ਨੂੰ ਗੋਲੀਆਂ ਮਾਰ ਦਿੱਤੀਆਂ ਅਤੇ ਫਿਰ ਖੁਦਕੁਸ਼ ਕਰ ਲਈ।ਇਸ ਘਟਨਾ ਵਿੱਚ ਕਾਰੋਬਾਰੀ ਕਰਣ ਕਟਾਰੀਆ, ਉਸ ਦੇ ਤਿੰਨ ਸਾਲਾ ਬੇਟੇ ਰੇਇਸ, ਦੋ ਸਾਲਾ ਬੇਟੀ ਜੈਸਵੀ ਦੀ ਮੌਤ ਹੋ ਗਈ, ਜਦ ਕਿ ਉਸ ਦੀ ਪਤਨੀ ਸ਼ੀਨਮ ਕਟਾਰੀਆ ਗੰਭੀਰ ਜ਼ਖਮੀ ਹੋਣ ਕਾਰਨ ਹਸਪਤਾਲ ਵਿੱਚ ਹੈ। ਘਟਨਾ ਪਿੱਛੋਂ ਸਾਰੇ ਜ਼ਖਮੀਆਂ ਨੂੰ ਇੱਥੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਵਿਖੇ ਦਾਖਲ ਕਰਵ-ਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਕੁਝ ਸਮੇਂ ਬਾਅਦ ਕਰਣ ਕਟਾਰੀਆ ਦੀ ਵੀ ਮੌਤ ਹੋ ਗਈ। ਡਾਕਟਰਾਂ ਅਨੁਸਾਰ ਸ਼ੀਨਮ ਕਟਾਰੀਆ ਦੇ ਮੂੰਹ ਉਪਰ ਗੋਲੀ ਵੱਜੀ ਹੈ ਅਤੇ ਉਸ ਦੀ ਹਾਲਤ ਗੰਭੀਰ ਹੈ। ਪੁਲਸ ਨੂੰ ਮੌਕੇ 'ਤੇ ਪੰਜ ਸਫਿਆਂ ਦਾ ਖੁਦਕੁਸ਼ੀ ਪੱਤਰ ਮਿ-ਲਿਆ ਹੈ ਤੇ ਪੁਲਸ ਇਸ ਦੀ ਪੜਤਾਲ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਰਣ ਕਟਾਰੀਆ ਨਗਰ ਕੌਂਸਲ ਵਿੱਚ ਬਿਜਲੀ ਦੇ ਕੰਮਾਂ ਦੇ ਠੇਕੇ ਲੈਂਦਾ ਸੀ ਤੇ ਉਸ ਦੇ ਕਰੀਬ ਚਾਰ ਕਰੋੜ ਰੁਪਏ ਦੇ ਸਰਕਾਰੀ ਬਿੱਲ ਵੱਖ-ਵੱਖ ਵਿਭਾਗਾਂ ਵਿੱਚ ਲੰਬੇ ਸਮੇਂ ਤੋਂ ਰੁਕੇ ਹੋਏ ਸਨ। ਇਸੇ ਪ੍ਰੇਸ਼ਾਨੀ ਨੂੰ ਖੁਦਕੁਸ਼ੀ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਖੁਦਕੁਸ਼ੀ ਪੱਤਰ ਵਿੱਚ ਗਿੱਦੜਬਾਹਾ ਦੇ ਇੱਕ ਕਾਂਗਰਸੀ ਆਗੂ ਦਾ ਨਾਂਅ ਵੀ ਹੈ ਜਿਸ ਉਪਰ ਕਾਰੋਬਾਰ ਵਿੱਚ ਧਾਂਦਲੀ ਅਤੇ ਪ੍ਰੇਸ਼ਾਨ ਕਰਨ ਦੇ ਦੋਸ਼ ਹਨ। ਜ਼ਿਲ੍ਹਾ ਪੁਲਸ ਮੁਖੀ ਸਵਰਨਦੀਪ ਸਿੰਘ ਨੇ ਕਿਹਾ ਕਿ ਪੁਲਸ ਇਸ ਕੇਸ ਦੀ ਪੜਤਾਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਖੁਦਕੁਸ਼ੀ ਪੱਤਰ ਬਾਰੇ ਉਹ ਕੋਈ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ ਅਤੇ ਪੁਲਸ ਇਸ ਮਾਮਲੇ ਵਿੱਚ ਬਣਦੀ ਕਾਨੂੰਨੀ ਕਾਰਵਾਈ ਕਰੇਗੀ।

## ਸਾਬਕਾ ਕੈਬਨਿਟ ਮੰਤਰੀ ਬੀਬੀ ਸਤਵੰਤ ਕੌਰ ਸੰਧੂ ਦਾ ਦੇਹਾਂਤ

ਐਸ ਏ ਐਸ ਨਗਰ, 7 ਫਰਵਰੀ (ਪੋਸਟ ਬਿਊਰੋ)- ਸਥਾਨਕ ਫੇਜ਼-5 ਦੇ ਵਸਨੀਕ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਸਤਵੰਤ ਕੌਰ ਸੰਧੂ ਦਾ ਕੱਲ੍ਹ ਦੇਹਾਂਤ ਹੋ ਗਿਆ। ਉਹ ਕੋਰੋਨਾ ਵਾਇਰਸ ਤੋਂ ਪੀੜਤ ਸਨ, ਜਿਸ ਦੇ ਇਲਾਜ ਲਈ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਮੁਹਾਲੀ ਵਿਖੇ ਦਾਖਲ ਕਰਵਾਇਆ ਗਿਆ ਸੀ।

ਪਰਵਾਰਕ ਮੈਂਬਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਬੀਬੀ ਸੰਧੂ ਨੇ ਕੱਲ੍ਹ ਰਾਤ ਆਖਰੀ ਸਾਹ ਲਿਆ। ਉਹ ਹਲਕਾ ਚਮਕੌਰ ਸਾਹਿਬ (ਰਿਜ਼ਰਵ) ਤੋਂ ਪੰਜ ਵਾਰ ਵਿਧਾਇਕ ਰਹਿ ਚੁੱਕੇ ਸਨ ਅਤੇਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਾਦਲ ਪਰਵਾਰ ਦੇ ਕਾਫੀ ਨੇੜੇ ਮੰਨੇ ਜਾਂਦੇ ਸਨ। ਦੱਸਣਯੋਗ ਹੈ ਕਿ ਬੀਬੀ ਸੰਧੂ ਆਪਣੇ ਪਤੀ ਅਜੈਬ ਸਿੰਘ ਸੰਧੂ ਜੋ ਸੰਨ 1962 ਅਤੇ 1972 ਵਿੱਚ ਅਕਾਲੀ ਦਲ ਵੱਲੋਂ ਵਿਧਾਇਕ ਬਣੇ ਸਨ, ਦੇ 1974 ਵਿੱਚ ਦਿਹਾਂਤ ਮਗਰੋਂਉੱਪ ਚੋਣ ਵਿੱਚ ਪਹਿਲੀ ਵਾਰ ਵਿਧਾਇਕ ਬਣੇ ਸਨ ਅਤੇ ਉਸ ਤੋਂ ਬਾਅਦ 1977 ਵਿੱਚ ਦੂਜੀ ਵਾਰ ਜਿੱਤ ਕੇ ਕੈਬਨਿਟ ਮੰਤਰੀ ਬਣੇ ਤੇ ਤੀਜੀ ਵਾਰ 1980 ਵਿੱਚ, ਚੌਥੀ ਵਾਰ 1997 ਅਤੇ ਪੰਜਵੀਂ ਵਾਰ 2020 ਵਿੱਚ ਚੋਣ ਜਿੱਤ ਕੇ ਵਿਧਾਇਕ ਬਣੇ ਸਨ। ਬੀਬੀ ਸੰਧੂ ਦੀ ਮੌਤ ਵੀ ਉਨ੍ਹਾਂ ਦੇ ਜਨਮ ਦਿਨ ਵਾਲੇ ਦਿਨ ਹੋਈ ਹੈ। ਉਨ੍ਹਾਂ ਨੇ ਚਮਕੌਰ ਸਾਹਿਬ ਦੀ ਬੜਾ ਲੰਮਾ ਸਮਾ ਪ੍ਰਤੀਨਿਧਤਾ ਕੀਤੀ ਤੁ 1997 ਵਿੱਚ ਦੂਜੀ ਵਾਰ ਬੀਬੀ ਸੰਧੂ ਨੂੰ ਮੁੜ ਬਾਦਲ ਸਰਕਾਰ ਵਿੱਚ ਕੈਬਨਿਟ ਮੰਤਰੀ ਦਾ ਅਹੁਦਾ ਦਿੱਤਾ ਗਿਆ ਸੀ।

## ਸਪੇਨ ਭੇਜਣ ਦਾ ਕਹਿ ਕੇ ਸਰਬੀਆ ਭੇਜਿਆ ਤੇ 8.70 ਲੱਖ ਠੱਗੇ




ਜਲੰਧਰ, 7 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ ਉਤੇ ਮਹਿਲਾ ਟ੍ਰੈਵਲ ਏਜੰਟ ਨੇ ਨੌਜਵਾਨ ਨੂੰ ਸਰਬੀਆ ਭੇਜ ਦਿੱਤਾ ਤੇ 8.70 ਲੱਖ ਰੁਪਏ ਠੱਗ ਲਏ। ਸ਼ਿਕਾਇਤ ਉਤੇ ਥਾਣਾ ਨਕੋਦਰ ਦੀ ਪੁਲਸ ਨੇ ਮਹਿਲਾ ਟ੍ਰੈਵਲ ਏਜੰਟ ਅਤੇ ਉਸ ਦੇ ਸਾਥੀ 'ਤੇ ਠੱਗੀ ਦਾ ਪਰਚਾ ਦਰਜ ਕਰ ਲਿਆ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਕੋਦਰ ਦੇ ਪਿੰਡ ਕੰਗ ਸਾਹਿਬ ਰਾਏ ਦੇ ਰਹਿਣ ਵਾਲੇ ਰਾਜਵਿੰਦਰ ਸਿੰਘ ਨੇ ਕਿਹਾ ਕਿ ਨਕੋਦਰ ਦੇ ਪਿੰਡ ਮੱਲੀਆਂ ਖੁਰਦ ਦੀ ਰਾਜਵਿੰਦਰ ਕੌਰ ਨਾਲ ਉਹ ਸਪੇਨ ਜਾਣ ਮਿਲਿਆ ਅਤੇ ਦਸ ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ ਸੀ। ਇਸ ਦੇ ਬਾਅਦ ਉਸ ਨੂੰ ਕਪੂਰਥਲਾ ਦੇ ਏਜੰਟ ਰਵਿੰਦਰ ਕੁਮਾਰ ਨਾਲ ਮਿਲਾਇਆ ਗਿਆ। ਦੋਸ਼ੀ ਮਹਿਲਾ ਨੇ ਕਿਹਾ ਕਿ ਰਵਿੰਦਰ ਸਰਬੀਆ ਵਿੱਚ ਰਹਿੰਦਾ ਹੈ। ਇਸ ਦੇ ਬਾਅਦ ਮਹਿਲਾ ਨੇ ਕਰੀਬ ਇੱਕ ਲੱਖ ਰੁਪਏ ਅਤੇ ਪਾਸਪੋਰਟ ਦੀ ਫੋਟੋ ਕਾਪੀ ਲੈ ਲਈ। ਕੁਝ ਦਿਨ ਬਾਅਦ ਰਾਜਵਿੰਦਰ ਨੂੰ ਅਰਮੇਨੀਆ ਲਈ ਜੈਪੁਰ ਤੋਂ ਫਲਾਈਟ ਕਰਵਾਈ ਗਈ ਅਤੇ ਅਰਮੇਨੀਆ ਤੋਂ ਉਸ ਨੂੰ ਸਰਬੀਆ ਭੇਜ ਦਿੱਤਾ ਗਿਆ। ਓਥੇ ਪਹੁੰਚਦੇ ਸਾਰਰਵਿੰਦਰ ਕੁਮਾਰ ਨੇ ਉਸ ਤੋਂ 1700 ਯੂਰੋ ਲੈ ਕੇ ਫੋਨ 'ਤੇ ਘਰਵਾਲਿਆਂ ਨਾਲ ਗੱਲ ਕਰਵਾ ਦਿੱਤੀ। ਇਸ ਦੇ ਬਾਅਦ ਥੋੜ੍ਹੇ-ਥੋੜ੍ਹੇ ਕਰ ਕੇ ਪੀੜਤ ਦੇ ਘਰਵਾਲਿਆਂ ਨੇ ਕਰੀਬ ਅੱਠ ਲੱਖ ਸੱਤਰ ਹਜ਼ਾਰ ਰੁਪਏ ਮਹਿਲਾ ਟ੍ਰੈਵਲ ਏਜੰਟ ਨੂੰ ਦੇ ਦਿੱਤੇ। ਉਸ ਨੂੰ ਜਦ ਅੱਗੇ ਨਾ ਭੇਜਿਆ ਤਾਂ ਪੀੜਤ ਕਿਸੇ ਤਰ੍ਹਾਂ ਭਾਰਤ ਮੁੜ ਆਇਆ ਅਤੇ ਮਹਿਲਾ ਟਰੈਵਲ ਏਜੰਟ ਤੋਂ ਪੈਸੇ ਮੰਗੇ। ਉਸ ਨੇ ਪੈਸੇ ਨਾ ਦਿੱਤੇ ਤਾਂ ਕੇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਜਾਂਚ ਦੇ ਬਾਅਦ ਨਕੋਦਰ ਥਾਣੇ ਵਿੱਚ ਪਰਚਾ ਦਰਜ ਕਰ ਲਿਆ ਹੈ।

## ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੋਸ਼ੀ ਪੁਲਸ ਮੁਲਾਜ਼ਮਾਂ ਦੀ ਸੂਚੀ ਸੌਂਪੀ




ਚੰਡੀਗੜ੍ਹ, 7 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅਪਰਾਧਕ ਕੇਸਾਂ ਵਿੱਚ ਦੋਸ਼ੀ ਕਰਾਰ ਦਿੱਤੇ ਜਾਣਮਗਰੋਂ ਵੀ ਪੰਜਾਬ ਪੁਲਸ ਦੀ ਨੌਕਰੀ ਕਰ ਰਹੇ ਛੋਟੇ-ਵੱਡੇ ਰੈਂਕ ਦੇ ਅਫਸਰਾਂ ਦੀ ਪਹਿਲਾਂ ਅਧੂਰੀ ਜਾਣਕਾਰੀਹਾਈ ਕੋਰਟ ਵਿੱਚ ਸੌਂਪੀ ਸੀ, ਜਿਸ ਉਤੇ ਪਟੀਸ਼ਨਰ ਸੁਰਜੀਤ ਸਿੰਘ (ਬਰਖਾਸਤ ਪੁਲਸ ਮੁਲਾਜ਼ਮ) ਵੱਲੋਂ ਚੁੱਕੇ ਸਵਾਲਾਂ ਤੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਗ੍ਰਹਿ ਵਿਭਾਗ ਅਤੇ ਨਿਆਂ ਮਾਮਲਿਆਂ ਦੇ ਐਡੀਸ਼ਨਲ ਚੀਫ ਸੈਕਟਰੀ ਅਨੁਰ-ਾਗ ਅਗਰਵਾਲ ਦਾ ਨਵਾਂ ਐਫੀਡੇਵਿਟ ਪੇਸ਼ ਕੀਤਾ ਹੈ, ਜਿਸ ਵਿੱਚ 17 ਹੋਰ ਪੁਲਸ ਮੁਲਾਜ਼ਮਾਂ ਦੀ ਸੂਚੀ ਨੱਥੀ ਕੀਤੀ ਹੈ, ਜਿਨ੍ਹਾਂ ਖਿਲਾਫ ਕੇਸ ਦਰਜ ਹੋਏ ਸਨ। ਇਹ ਸਾਰੇ ਫਰੀਦਕੋਟ ਰੇਂਜ ਦੇ ਮੁਲਾਜ਼ਮ ਹਨ। ਇਸ ਨੇ ਨਾਲ 22 ਅਜਿਹੇ ਪੁਲਸ ਮੁਲਾਜ਼ਮਾਂ ਦੀ ਸੂਚੀ ਵੀ ਪੇਸ਼ ਕੀਤੀ ਹੈ, ਜਿਹੜੇ ਅਪਰਾਧਕ ਮਾਮਲਿਆਂ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਅਤੇ ਹਾਲੇ ਨੌਕਰੀ ਕਰ ਰਹੇ ਹਨ।

ਇਸ ਸਭ ਤੋਂ ਬਿਨਾ ਪਟੀਸ਼ਨਰ ਨੇ ਜਿਸ ਸਬ ਇੰਸਪੈਕਟਰ ਯਾਦਵਿੰਦਰ ਸਿੰਘ ਦਾ ਨਾਂਅ ਸੂਚੀ ਵਿੱਚ ਸ਼ਾਮਲ ਨਾ ਕਰਨ ਉਤੇ ਸੁਆਲ ਕੀਤਾ ਸੀ, ਉਸ ਦੀਵੱਖਰੀ ਜਾਣਕਾਰੀ ਦਿੱਤੀ ਗਈ ਹੈ। ਪਟੀਸ਼ਨਰ ਦੇ ਮੁਤਾਬਕ ਇਹ ਥਾਣੇਦਾਰ ਇਰਾਦਾ ਕਤਲਦੇ ਕੇਸ ਦਾ ਦੋਸ਼ੀ ਹੈ ਅਤੇ ਥਾਣਾ ਮੁਖੀ ਲੱਗਾਹੈ। ਪਟੀਸ਼ਨਰ ਉਤੇ ਇੱਕ ਅਪਰਾਧਕ ਕੇਸ ਦਰਜ ਹੋਣ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਜਿਸ ਨੂੰ ਉਸ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਸਰਕਾਰ ਨੇ ਜੁਆਬ ਵਿੱਚ ਕਿਹਾ ਕਿ ਪੁਰਾਣੀ ਸੂਚੀ ਵਿੱਚ ਗਲਤੀ ਨਾਲ ਕੁਝ ਪੁਲਸ ਅਫਸਰਾਂ ਦੇ ਨਾਂਅ ਰਹਿ ਗਏ ਸਨ ਅਤੇ ਇਸ ਦੇ ਪਿੱਛੇ ਸਰਕਾਰ ਦੇ ਅਧਿਕਾਰੀਆਂ ਦਾ ਕੋਈ ਗਲਤ ਇਰਾਦਾ ਨਹੀਂ ਸੀ।

## ਪਤਨੀ ਨੂੰ ਫਾਂਸੀ ਲਾ ਕੇ ਮਾਰਨ ਦੇ ਦੋਸ਼ ਵਿੱਚ ਪਤੀ ਤੇ ਨਨਾਣ ਖਿਲਾਫ ਕੇਸ ਦਰਜ



ਨਕੋਦਰ, 7 ਫਰਵਰੀ (ਪੋਸਟ ਬਿਊਰੋ)- ਥਾਣਾ ਸਦਰ ਪੁਲਸ ਨੇ ਪਤਨੀ ਨੂੰ ਤੰਗ ਕਰਨ ਤੇ ਫਾਂਸੀ ਲਾ ਦੇਣ ਦੇ ਦੋਸ਼ ਵਿੱਚ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ 'ਤੇ ਉਸ ਦੇ ਪਤੀ ਅਤੇ ਨਨਾਣ ਦੇ ਖਿਲਾਫ ਕੇਸ ਦਰਜ ਕੀਤਾਹੈ।

ਥਾਣਾ ਸਦਰ ਦੇ ਮੁਖੀ ਐਸ ਆਈ ਇੰਦਰਜੀਤ ਸਿੰਘ ਮੁਤਾਬਕ ਗੁਰ-ਦੇਵ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਘੁਗਬੇਟ ਥਾਣਾ ਕੋਤਵਾਲੀ ਜ਼ਿਲ੍ਹਾ ਕਪੂਰਥਲਾ ਨੇ ਦੱਸਿਆ ਕਿ ਉਸ ਦੀ ਬੇਟੀ ਰੋਸ਼ਨੀ, ਜਿਸ ਦੀ ਉਮਰ ਲਗਭਗ 19 ਸਾਲ ਸੀ, ਦਾ ਵਿਆਹ ਕਰੀਬ ਇੱਕ ਸਾਲ ਪਹਿਲਾਂ ਵੀਰਪਾਲ ਪੁੱਤਰ ਬਖਸ਼ੀਸ਼ ਸਿੰਘ ਪਿੰਡ ਤਲਵੰਡੀ ਭਰੋ ਨਾਲ ਹੋਇਆ ਸੀ। ਇਸ ਦੇ ਕੁਝ ਸਮੇਂ ਬਾਅਦ ਜਵਾਈ ਵੀਰਪਾਲ ਨੇ ਬੇਟੀ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਲਗਭਗ 10 ਦਿਨ ਪਹਿਲਾਂ ਉਸ ਦੀ ਬੇਟੀ ਨੇ ਫੋਨ ਕਰ ਕੇ ਦੱਸਿਆ ਕਿ ਉਸ ਦਾ ਪਤੀ ਉਸ ਦੀ ਕੁੱਟਮਾਰ ਕਰਦਾ ਹੈ, ਉਹ ਪਰੇਸ਼ਾਨ ਹੈ ਅਤੇ ਆ ਕੇ ਉਸ ਨੂੰ ਲੈ ਜਾਓ। ਕੁਝ ਦਿਨ ਪਹਿਲਾਂ ਉਸ ਦੇ ਰਿਸ਼ਤੇਦਾਰ ਆਏ ਅਤੇ ਉਸ ਦੀ ਬੇਟੀ ਰੋਸ਼ਨੀ ਨੂੰ ਛੱਡ ਕੇ ਚਲੇ ਗਏ। ਇਸ ਦੇ ਬਾਅਦ ਉਸ ਦੀ ਬੇਟੀ ਨੂੰ ਉਸ ਦੀ ਨਨਾਣ ਗੋਰ ਵਾਸੀ ਖਾਲੂ ਪਿੰਡ ਕਪੂਰਥਲਾ ਉਸ ਨੂੰ ਫੋਨ 'ਤੇ ਧਮਕਾਉਂਦੀ ਸੀ ਕਿ ਜੇ ਉਹ ਆਪਣੇ ਸਹੁਰੇ ਵਾਪਸ ਨਾ ਆਈ ਤੇ ਉਸ ਦੇ ਪਤੀ ਨੇ ਕੁਝ ਕਰ ਲਿਆ ਤਾਂ ਉਹ ਉਸ ਨੂੰ ਨਹੀਂ ਛੱਡਣਗੇ। ਚਾਰ ਦਿਨ ਬਾਅਦ ਉਸ ਦੀ ਬੇਟੀ ਰੋਸ਼ਨੀ ਨੂੰ ਉਸ ਦਾ ਪਤੀ ਵੀਰਪਾਲ ਪਿੰਡ ਦੇ ਬਾਹਰੋਂ ਤਲਵੰਡੀ ਭਰੋ ਲੈ ਗਿਆ ਤੇ ਉਸ ਦੀ ਨਨਾਣ ਗੋਰ ਅਤੇ ਉਸ ਦਾ ਪਤੀ ਵੀਰਪਾਲ ਉਸ ਨੂੰ ਇਹ ਕਹਿ ਕੇ ਤੰਗ ਕਰਦੇ ਰਹੇ ਕਿ ਪੇਕੇ ਗਈ ਸੀ ਤਾਂ ਕੋਈ ਸਾਮਾਨ ਲੈ ਕੇ ਨਹੀਂ ਆਈ। ਚਾਰ ਫਰਵਰੀ ਨੂੰ ਉਸ ਨਾਲ ਮਾਰਕੁੱਟ ਕੀਤੀ ਅਤੇ ਫਾਂਸੀ ਲਾ ਕੇ ਮਾਰ ਦਿੱਤਾ ਤੇ ਸਾਨੂੰ ਨਹੀਂ ਦੱਸਿਆ। ਪੰਜ ਫਰਵਰੀ ਨੂੰ ਜਦ ਉਸ ਦਾ ਸਸਕਾਰ ਕਰਨ ਲੱਗੇ ਤਾਂ ਤਲਵੰਡੀ ਭਰੋ ਵਿੱਚ ਰਹਿੰਦੇ ਸਾਡੇ ਰਿਸ਼ਤੇਦਾਰਾਂ ਨੇ ਫੋਨ 'ਤੇ ਦੱਸਿਆ ਕਿ ਰੋਸ਼ਨੀ ਦੇ ਪਤੀ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ ਅਤੇ ਉਹ ਉਸ ਦਾ ਅੰਤਿਮ ਸਸਕਾਰ ਕਰ ਰਹੇ ਹਨ।ਮੈਂ ਪਿੰਡ ਦੇ ਪਤਵੰਤਿਆਂ ਨਾਲ ਤਲਵੰਡੀ ਭਰੋ ਪਹੁੰਚਿਆ, ਜਿੱਥੇ ਬੇਟੀ ਦੀ ਮੌਤ ਦੇ ਸਦਮੇ ਵਿੱਚ ਹੋਣ ਕਾਰਨ ਬਿਆਨ ਨਹੀਂ ਦਿੱਤਾ ਤੇ ਅੱਜ ਬਿਆਨ ਦਰਜ ਕਰਵਾ ਰਿਹਾ ਹਾਂ। ਥਾਣਾ ਮੁਖੀ ਨੇ ਦੱਸਿਆ ਕਿ ਬਿਆਨਾਂ ਉਤੇ ਦੋਸ਼ੀ ਪਤੀ ਅਤੇ ਨਨਾਣ ਦੇ ਖਿਲਾਫ ਕੇਸ ਦਰਜ ਕਰ ਲਿਆ ਅਤੇ ਦੋਸ਼ੀਆਂ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

## ਖਿਡਾਰਨ ਵੱਲੋਂ ਹਾਕੀ ਨਾਲ ਗੁਆਂਢੀ ਦੀ ਹੱਤਿਆ

ਫਤਿਹਗੜ੍ਹ ਸਾਹਿਬ, 7 ਫਰਵਰੀ (ਪੋਸਟ ਬਿਊਰੋ)- ਬੱਸੀ ਪਠਾਣਾ ਵਿੱਚ ਤੀਹ ਜਨਵਰੀ ਦੀ ਰਾਤ ਸਤਪਾਲ ਸਿੰਘ ਦੀ ਬੇਰਹਿਮੀ ਨਾਲ ਮਾਰਕੁੱਟ ਤੋਂ ਬਾਅਦ ਤਿੰਨ ਫਰਵਰੀ ਨੂੰ ਉਸ ਦੀ ਮੌਤ ਹੋ ਜਾਣ ਦੇ ਕੇਸ ਵਿੱਚ ਨਾਮਜ਼ਦ ਇੱਕ ਪਰਵਾਰ ਦੇ ਪੰਜ ਮੈਂਬਰਾਂ 'ਚ ਸ਼ਾਮਲ ਲੜਕੀ ਹਾਕੀ ਦੀ ਕੌਮੀ ਖਿਡਾਰਨ ਵੀ ਹੈ। ਗ੍ਰਿਫਤਾਰ ਗਗਨਪ੍ਰੀਤ ਕੌਰ ਦੋ ਵਾਰੀ ਪੰਜਾਬ ਦੀ ਹਾਕੀ ਟੀਮ 'ਚ ਪੁਲਸ ਵੱਲੋਂ ਖੇਡਦੀ ਹੋਈ ਕੌਮੀ ਮੁਕਾਬਲੇ ਵਿੱਚ ਹਿੱਸਾ ਲੈ ਚੁੱਕੀ ਹੈ। ਉਹ ਇੱਕ ਚਾਂਦੀ ਅਤੇ ਇੱਕ ਤਾਂਬੇ ਦਾ ਮੈਡਲ ਜਿੱਤ ਚੁੱਕੀ ਹੈ। ਗਗਨਪ੍ਰੀਤ ਪਟਿਆਲੇ ਦੇ ਡਡਿਆਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ 12ਵੀਂ ਦੀ ਵਿਦਿਆਰਥਣ ਹੈ ਅਤੇ ਸਾਈ ਸੈਂਟਰ ਪਟਿਆਲਾ 'ਚ ਅਭਿਆਸ ਕਰਦੀ ਸੀ। ਜਿਸ ਹਾਕੀ ਨਾਲ ਗਗਨਪ੍ਰੀਤ ਕੌਰ ਨੇ ਓਲੰਪਿਕ ਜਾਣ ਦਾ ਸੁਫਨਾ ਦੇਖਿਆ ਸੀ, ਉਸੇ ਹਾਕੀ ਦੀ ਬਦੌਲਤ ਹੁਣ ਉਹ ਸੀਖਾਂ ਪਿੱਛੇ ਰਹੇਗੀ। ਸ਼ਿਕਾਇਤਕਰਤਾ ਸੋਮਾ ਸਿੰਘ ਵਾਸੀ ਜਰਖੇਲਾ ਖੇੜੀ ਦੇ ਮੁਤਾਬਕ 30 ਜਨਵਰੀ ਨੂੰ ਉਸ ਦੇ ਪੁੱਤਰ ਸਤਪਾਲ ਨੂੰ ਗਗਨਪ੍ਰੀਤ ਤੇ ਉਸ ਦੇ ਪਰਵਾਰ ਨੇ ਬੁਰੀ ਤਰ੍ਹਾਂ ਕੁੱਟਿਆ। ਇਸ ਦੌਰਾਨ ਹਾਕੀ ਨਾਲ ਸਤਪਾਲ ਦੇ ਸਿਰ 'ਚ ਡੂੰਘੀਆਂ ਸੱਟਾਂ ਲੱਗਣ ਨਾਲ ਉਸ ਦੀ ਮੌਤ ਹੋ ਗਈ। ਪੁਲਸ ਨੇ ਗਗਨਪ੍ਰੀਤ ਕੌਰ ਦੇ ਨਾਲ ਉਸ ਦੀ ਮਾਤਾ ਗੁਰਿੰਦਰ ਕੌਰ, ਭਰਾ ਅੰਮ੍ਰਿਤਪਾਲ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ। ਤਿੰਨਾਂ ਨੂੰ ਅਦਾਲਤ ਨੇ ਦੋ ਦਿਨਾਂ ਦੇ ਰਿਮਾਂਡ 'ਤੇ ਭੇਜਿਆ ਹੈ। ਇਨ੍ਹਾਂ ਦੇ ਨਾਲ ਇੱਕ ਨਾਬਾਲਗ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਮੋਟਰ ਸਾਈਕਲਾਂ ਦੀ ਟੱਕਰ ਕਾਰਨ ਇੱਕ ਜਣੇ ਦੀ ਮੌਤ

ਸ਼ਾਹਕੋਟ, 7 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਸ਼ਾਹਕੋਟ ਦੇ ਪਿੰਡ ਪੂਨੀਆ ਵਿਖੇ ਦੋ ਮੋਟਰ ਸਾਈਕਲਾਂ ਦੀ ਸਿੱਧੀ ਟੱਕਰ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਮਿ-ਲਿਆ ਹੈ। ਪਤਾ ਲੱਗਾ ਹੈ ਕਿ ਅਮਰਜੀਤ ਸਿੰਘ ਪੁੱਤਰ ਸਤਪਾਲ ਸਿੰਘ ਪਿੰਡ ਇਸਮਾਈਲਪੁਰ (ਲੋਹੀਆਂ ਖਾਸ) ਕੱਲ੍ਹ ਮੋਟਰ ਸਾਈਕਲ 'ਤੇ ਆਪਣੇ ਰਿਸ਼ਤੇਦਾਰਾਂ ਨੂੰ ਸ਼ਾਹਕੋਟ ਛੱਡ ਕੇ ਵਾਪਸ ਆ ਰਿਹਾ ਸੀ ਅਤੇ ਦੂਸਰੇ ਪਾਸੇ ਪ੍ਰਿਤਪਾਲ ਸਿੰਘ ਪੁੱਤਰ ਦਲਵਿੰਦਰ ਸਿੰਘ ਪਿੰਡ ਪੂਨੀਆਂ (ਸ਼ਾਹਕੋਟ) ਆਪਣੇ ਸਾਥੀ ਮਨਪ੍ਰੀਤ ਸਿੰਘ ਪੁੱਤਰ ਵੇਦ ਪ੍ਰਕਾਸ਼ ਵਾਸੀ ਈਸੇਵਾਲ ਨਾਲ ਮੋਟਰ ਸਾਈਕਲ 'ਤੇ ਅੱਗੋਂ ਆ ਰਿਹਾ ਸੀ। ਪਿੰਡ ਪੂਨੀਆਂ ਵਿਖੇ ਬਿਜਲੀ ਘਰ ਅੱਗੇ ਪੁਲ 'ਤੇ ਦੋਵਾਂ ਮੋਟਰ ਸਾਈਕਲਾਂ ਦੀ ਸਿੱਧੀ ਟੱਕਰ ਹੋ ਗਈ ਅਤੇ ਦੋਵਾਂ ਮੋਟਰ ਸਾਈਕਲਾਂ 'ਤੇ ਸਵਾਰ ਵਿਅਕਤੀ ਬੁਰੀ ਤਰ੍ਹਾਂ ਸੜਕ 'ਤੇ ਡਿੱਗੇ ਤੇ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਰਾਹੀਆਂ ਨੇ ਸਿਵਲ ਹਸਪਤਾਲ ਸ਼ਾਹਕੋਟ ਪਹੁੰਚ-ਾਇਆ। ਉਨ੍ਹਾਂ ਦੀ ਗੰਭੀਰ ਹਾਲਤ ਦੇਖ ਕੇ ਜਲੰਧਰ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਅਮਰਜੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਾਦਸੇ ਦਾ ਪਤਾ ਲੱਗਣ 'ਤੇ ਮਾਡਲ ਥਾਣਾ ਸ਼ਾਹਕੋਟ ਦੇ ਏ ਐਸ ਆਈ ਹਰਭਜਨ ਲਾਲ ਮੌਕੇ 'ਤੇ ਪਹੁੰਚੇ। ਏ ਐਸ ਆਈ ਹਰਭਜਨ ਲਾਲ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਨਗਿੰਦਰ ਸਿੰਘ ਦੇ ਬਿਆਨਾਂ 'ਤੇ ਪ੍ਰਿਤਪਾਲ ਸਿੰਘ ਵਾਸੀ ਪੂਨੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

## ਹਾਈ ਕੋਰਟ ਨੇ ਕਿਹਾ, ਕਾਨੂੰਨ ਦੀ ਨਜ਼ਰ ’ਚ ਪੰਚਾਇਤੀ ਤਲਾਕ ਗੈਰ ਕਾਨੂੰਨੀ ਹੁੰਦੈ

ਚੰਡੀਗੜ੍ਹ, 7 ਫਰਵਰੀ (ਪੋਸਟ ਬਿਊਰੋ)- ਰੀਤੀ-ਰਿਵਾਜਾਂ ਨੂੰ ਓਦੋਂ ਮਾਨਤਾ ਦਿੱਤੀ ਜਾ ਸਕਦੀ ਹੈ, ਜਦੋਂ ਉਸ ਬਾਰੇ ਕੋਈ ਕਾਨੂੰਨ ਨਾ ਹੋਵੇ। ਹਾਈ ਕੋਰਟ ਨੇ ਸਾਫ ਕੀਤਾ ਹੈ ਕਿ ਕਾਨੂੰਨ ਦੀ ਨਜ਼ਰ ਵਿੱਚਪੰਚਾਇਤੀ ਤਲਾਕ ਦੀ ਕੋਈ ਮਾਨਤਾ ਨਹੀਂ ਅਤੇ ਇਸ ਤਰ੍ਹਾਂ ਦੇ ਤਲਾਕ ਨਾਲ ਵਿਆਹ ਰੱਦ ਨਹੀਂ ਕੀਤਾ ਜਾ ਸਕਦਾ। ਜਸਟਿਸ ਅਲਕਾ ਸਰੀਨ ਨੇ ਇਹ ਹੁਕਮ ਕਪੂਰਥਲਾ ਦੇ ਨਿਸ਼ਾਨ ਸਿੰਘ ਵੱਲੋਂ ਦੂਸਰਾ ਵਿਆਹ ਕਰ ਕੇ ਸੁਰੱਖਿਆ ਦੀ ਮੰਗ ਲਈ ਦਿੱਤੀ ਅਰਜ਼ੀ ਦਾ ਨਿਪਟ-ਾਰਾ ਕਰਦੇ ਹੋਏ ਦਿੱਤਾ ਹੈ। ਕੋਰਟ ਨੇ ਕਿਹਾ ਕਿ ਅਰਜ਼ੀਕਰਤਾ ਨੇ ਪੰਚਾਇਤ ਦੇ ਸਾਹਮਣੇ ਜੋ ਤਲਾਕ ਲਿਆ ਹੈ, ਉਹ ਪੂਰੀ ਤਰ੍ਹਾਂ ਗੈਰ ਕਾਨੂੰਨੀ ਹੈ ਅਤੇ ਕਾਨੂੰਨ ਦੀ ਨਜ਼ਰ ਵਿੱਚ ਮੰਨਣਯੋਗ ਨਹੀਂ ਕਿਹਾ ਜਾ ਸਕਦਾ। ਅਰਜ਼ੀਕਰਤਾ ਨੇ ਆਪਣੀ ਸੁਰੱਖਿਆ ਦੀ ਮੰਗ ਕੀਤੀ ਹੈ ਤਾਂ ਇਹ ਉਸ ਦਾ ਸੰਵਿਧਾਨਕ ਅਧਿਕਾਰ ਹੈ, ਇਸ ਲਈ ਉਹ ਉਸ ਜ਼ਿਲ੍ਹੇ ਦੇ ਐਸ ਐਸ ਪੀ ਕੋਲ ਅਰਜ਼ੀ ਦੇ ਕੇ ਸੁਰੱਖਿਆ ਦੀ ਮੰਗ ਕਰ ਸਕਦਾ ਹੈ। ਅਰਜ਼ੀਕਰਤਾ ਨੇ ਹਾਈ ਕੋਰਟ ਨੂੰ ਦੱਸਿਆ ਗਿਆ ਸੀ ਕਿ ਪਹਿਲੀ ਪਤਨੀ ਤੋਂ ਪੰਚਾਇਤ ਵਿੱਚ ਜੂਨ 2017 ਵਿੱਚ ਤਲਾਕ ਹੋ ਚੁੱਕਾ ਹੈ ਤੇ ਉਸ ਦੇ ਬਾਅਦ ਉਸ ਨੇ ਇਸੇ ਸਾਲ ਜਨਵਰੀ ਵਿੱਚ ਇੱਕ ਹੋਰ ਔਰਤ ਨਾਲ ਵਿਆਹ ਕਰਵਾ ਲਿਆ ਹੈ ਤੇ ਉਹ ਔਰਤ ਵੀ ਤਲਾਕ ਸ਼ੁਦਾ ਹੈ ਤੇ ਉਸ ਨੇ ਹਿੰਦੂ ਮੈਰਿਜ ਐਕਟ ਹੇਠ ਪਿਛਲੇ ਸਾਲ ਆਪਣੇ ਪਤੀ ਤੋਂ ਤਲਾਕ ਲੈ ਲਿਆ ਸੀ। ਅਰਜ਼ੀਕਰਤਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਸ ਨੂੰ ਵਿਆਹ ਮਗਰੋਂ ਦੂਸਰੀ ਪਤਨੀ ਦੇ ਰਿਸ਼ਤੇਦਾਰਾਂ ਤੋਂ ਖਤਰਾ ਹੈ, ਇਸ ਲਈ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਏ।


TRUCK FOR SALE

2017 Cascadia freightliner (Manual Truck)



$52000 price





891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working

Contact: 647 960 7989

ਲਾਲ ਕਿਲ੍ਹਾ ਹਿੰਸਾ ਮਾਮਲਾ :

## ਦਿੱਲੀ ਪੁਲਸ ਵੱਲੋਂ ਸ਼ਾਹਜਹਾਂਪੁਰ ਦੇ ਕਿਸਾਨਾਂ ਅਤੇ ਗ੍ਰੰਥੀ ਨੂੰ ਨੋਟਿਸ



ਸ਼ਾਹਜਹਾਂਪੁਰ, 7 ਫਰਵਰੀ (ਪੋਸਟ ਬਿਊਰੋ)-ਬੀਤੀ 26 ਜਨਵਰੀ ਦੇ ਦਿਨ ਦਿੱਲੀ ਦੇ ਲਾਲ ਕਿਲ੍ਹੇ 'ਚ ਹੋਈ ਹਿੰਸਾ ਦੇ ਦੋਸ਼ੀਆਂ ਦੀ ਭਾਲ ਕਰਨ ਆਈ ਦਿੱਲੀ ਪੁਲਸ ਨੇ ਸ਼ਾਹਜਹਾਂਪੁਰ ਵਿੱਚ ਇੱਕ ਕਿਸਾਨ ਦੇ ਘਰ ਅੱਗੇ ਨੋਟਿਸ ਚਿਪਕਾ ਦਿੱਤਾ ਹੈ, ਜਦੋਂ ਕਿ ਪੀਲੀਭੀਤ ਦੇ ਗੁਰਦੁਆਰੇ ਦਾ ਮੁੱਖ ਗ੍ਰੰਥੀ ਨੂੰ ਵੀ ਨੋਟਿਸ ਦਿੱਤਾ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਦਿੱਲੀ ਵਿੱਚ ਗਣਤੰਤਰ ਦਿਵਸ ਮੌਕੇ ਕਿਸਾਨ ਅੰਦੋਲਨ ਵੇਲੇ ਲਾਲ ਕਿਲ੍ਹੇ ਵਿੱਚ ਹਿੰਸਾ ਤੋਂ ਬਾਅਦ ਖਰਾਬੀ ਕਰਨ ਵਾਲਿਆਂ ਦੀ ਭਾਲ ਕਰ ਰਹੀ ਦਿੱਲੀ ਪੁਲਸ ਕੱਲ੍ਹ ਸ਼ਾਮ ਖੁਟਾਰ ਦੇ ਪਿੰਡ ਚਮਾਰਾਭੋਜੀ ਵਿੱਚ ਕਿਸਾਨ ਅਰਸ਼ਪ੍ਰੀਤ ਦੇ ਘਰ ਪਹੁੰਚੀ ਅਤੇ ਜਦੋਂ ਉਹ ਘਰ ਵਿੱਚ ਨਹੀਂ ਮਿਲਿਆ ਤਾਂ ਉਸ ਦੇ ਦਰਵਾਜ਼ੇ 'ਤੇ ਨੋਟਿਸ ਚਿਪਕਾ ਕੇ ਚਲੀ ਗਈ। ਪਤਾ ਲੱਗਾ ਹੈ ਕਿ ਦਿੱਲੀ ਪੁਲਸ ਨੇ ਖੁਟਾਰ ਖੇਤਰ ਤੋਂ ਗਏ ਉਨ੍ਹਾਂ ਕਿਸਾਨਾਂ ਦੀ ਪਛਾਣ ਉਨ੍ਹਾਂ ਦੇ ਟਰੈਕਟਰ ਨੰਬਰ ਅਤੇ ਵੀਡੀਓ ਫੁਟੇਜ ਨਾਲ ਕੀਤੀ ਹੈ ਅਤੇ ਕਿ ਕੱਲ੍ਹ ਖੁਟਾਰ ਖੇਤਰ ਦੇ ਕਈ ਹੋਰ ਪਿੰਡਾਂ ਵਿੱਚ ਦਿੱਲੀ ਪੁਲਸ ਨੇ ਲੋਕਾਂ ਨੂੰ ਨੋਟਿਸ ਭੇਜੇ ਹਨ।ਸ਼ਾਹਜਹਾਂਪੁਰ ਦੀ ਸਰਹੱਦ ਨਾਲ ਲੱਗੇ ਪੀਲੀਭੀਤ ਜ਼ਿਲ੍ਹੇ ਦੇ ਪੂਰਨਪੁਰ ਖੇਤਰ ਵਿੱਚ ਦਿੱਲੀ ਪੁਲਸ ਨੇ ਇੱਕ ਗੁਰਦੁਆਰੇ ਦੇ ਗ੍ਰੰਥੀ ਨੂੰ ਵੀ ਨੋਟਿਸ ਦਿੱਤਾ ਹੈ। ਪੂਰਨਪੁਰ ਥਾਣੇ ਦੇ ਇੰਚਾਰਜ ਸੁਰੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਗੁਰਤੇਜ ਸਿੰਘ, ਜੋ ਥਾਣੇ ਦੇ ਘੁੰਗਚਾਈ ਚੌਕੀ ਖੇਤਰ ਦੇ ਇੱਕ ਗੁਰਦੁਆਰੇ ਦਾ ਗ੍ਰੰਥੀ ਹੈ, ਨੂੰ ਨੋਟਿਸ ਦਿੱਤਾ ਗਿਆ ਹੈ ਅਤੇ ਉਸ ਨੂੰ ਆਪਣਾ ਬਿਆਨ ਦਰਜ ਕਰਵਾਉਣ ਲਈ ਦਿੱਲੀ ਆਉਣ ਲਈ ਕਿਹਾ ਹੈ। ਸੁਰੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਦਿੱਲੀ ਪੁਲਸ ਨੇ ਇੱਥੋਂ ਦੇ ਗੁਰਦੁਆਰੇ ਤੋਂ ਇੱਕ ਟਰੈਕਟਰ ਦੇ ਜਾਣ ਦੀ ਗੱਲ ਸਮਝ ਲਈ ਹੈ ਤੇ ਇਸ ਤੋਂ ਬਾਅਦ ਦਿੱਲੀ ਪੁਲਸ ਸ਼ਾਹਜਹਾਂਪੁਰ ਦੇ ਕਿਸਾਨਾਂ ਨੂੰ ਨੋਟਿਸ ਦੇਣ ਆਈ ਹੈ।

# ਮੈਂ ਤਾਂ ਕਿਸਾਨ ਸੰਘਰਸ਼ ਦੀ ਹਮਾਇਤ ਕਰਦੀ ਰਹਾਂਗੀ: ਮੀਨਾ ਹੈਰਿਸ

ਮੁੰਬਈ, 7 ਫਰਵਰੀ (ਪੋਸਟ ਬਿਊਰੋ)- ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਵਕੀਲ ਅਤੇ ਲੇਖਿਕਾ ਮੀਨਾ ਹੈਰਿਸ ਨੇ ਕਿਹਾ ਹੈ ਕਿ ਉਹ ਭਾਰਤ ਦੇ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਲਈ ਕੀਤੀ ਗਈ ਉਸ ਦੀ ਆਲੋਚਨਾ ਦੀ ਪ੍ਰਵਾਹ ਨਹੀਂ ਕਰਦੀ। ਇਸ ਦੇ ਨਾਲ ਮੀਨਾ ਨੇ ਕਿਹਾ ਕਿ ਉਹ ਸੰਘਰਸ਼ ਦੀ ਹਮਾਇਤ ਕਰਦੀ ਰਹੇਗੀ। ਉਸ ਨੇ ਰੋਸ ਮੁਜ਼ਾਹਰਿਆਂ ਦੇ ਹੱਕ ਵਿੱਚ ਕਈ ਟਵੀਟ ਸ਼ੇਅਰ ਕੀਤੇ ਹਨ।

ਇੱਕ ਟਵੀਟ ਵਿੱਚ ਮੀਨਾ ਨੇ ਕਿਹਾ, 'ਇਹ ਸਿਰਫ ਖੇਤੀਬਾੜੀ ਨੀਤੀ ਬਾਰੇ ਨਹੀਂ, ਇਹ ਆਵਾਜ਼ ਬੁਲੰਦ ਕਰਨ ਦੀ ਇੱਕ ਧਾਰਮਿਕ ਘੱਟਗਿਣਤੀ 'ਤੇ ਜ਼ੁਲਮ ਕਰਨ ਬਾਰੇ ਹੈ। ਇਹ ਪੁਲਸ ਹਿੰਸਾ, ਦਹਿਸ਼ਤਗਰਦ ਰਾਸ਼ਟਰਵਾਦ ਅਤੇ ਕਿਰਤ ਅਧਿਕਾਰਾਂ 'ਤੇ ਹਮਲੇ ਨਾਲ ਜੁੜਿਆ ਹੋਇਆ ਮਾਮਲਾ ਹੈ। ਇਹ ਕੌਮਾਂਤਰੀ ਤਾਨਾਸ਼ਾਹੀ ਹੈ। ਆਪਣੇ ਮਸਲਿਆਂ ਤੋਂ ਮੈਨੂੰ ਬਾਹਰ ਰਹਿਣ ਬਾਰੇ ਨਾ ਦੱਸੋ। ਇਹ ਸਾਰੇ ਸਾਡੇ ਹੀ ਮੁੱਦੇ ਹਨ।'

ਆਸਕਰ ਅਤੇ ਬਾਫਟਾ ਸਨਮਾਨ ਜੇਤੂ ਉਘੀ ਹਾਲੀਵੁੱਡ ਅਦਾਕਾਰਾ ਸੂਜ਼ਨ ਮੈਰੰਡਨ ਨੇ ਵੀ ਸੰਘਰਸ਼ ਕਰਨ ਵਾਲੇ ਕਿਸਾਨਾਂ ਦੀ ਹਮਾਇਤ ਕੀਤੀ ਅਤੇ ਟਵੀਟ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਨਾਲ ਖੜ੍ਹੀ ਹੈ। 74 ਸਾਲਾ ਅਦਾਕਾਰਾ ਨੇ ਟਵੀਟ ਕਰਦਿਆਂ 'ਦਿ ਨਿਊ



ਯਾਰਕ ਟਾਈਮਜ਼' ਦੀ ਇੱਕ ਖਬਰ ਸਾਂਝੀ ਕੀਤੀ ਹੈ, ਜਿਸ ਦਾ ਸਿਰਲੇਖ ਸੀ 'ਭਾਰਤ ਵਿੱਚ ਸੰਘਰਸ਼ ਕਿਉਂ ਕਰ ਰਹੇ ਹਨ?'

ਮਸ਼ਹੂਰ ਟੈਲੀਵਿਜ਼ਨ ਪੇਸ਼ਕਾਰ ਬੇਅਰ ਗ੍ਰਿਲਸ ਨੇ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਖਿੱਚੀ ਇੱਕ ਫੋਟੋ ਨੂੰ ਟਵੀਟ ਕੀਤਾ, ਪਰ ਪੋਸਟ ਪਾਉਣ ਤੋਂ ਬਾਅਦ ਉਹ ਜਲਦੀ ਹੀ ਆਲੋਚਨਾ 'ਚ ਘਿਰ ਗਏ। ਕਈਆਂ ਨੇ ਗ੍ਰਿਲਸ ਵੱਲੋਂ ਫੋਟੋ ਪਾਉਣ ਦੇ ਸਮੇਂ 'ਤੇ ਸਵਾਲ ਉਠਾਏ। ਮੋਦੀ ਨਾਲ ਉਤਰਾਖੰਡ ਦੇ ਜਿਮ ਕੋਰਬੈਟ ਕੌਮੀ ਪਾਰਕ ਵਿੱਚ ਚਾਹ ਪੀਂਦਿਆਂ ਦੀ ਖਿੱਚੀ ਗਈ ਫੋਟੋ ਟਵੀਟ ਕਰਦਿਆਂ ਗ੍ਰਿਲਸ ਨੇ ਲਿਖਿਆ 'ਮੇਰੀਆਂ ਮਨਪਸੰਦ ਫੋਟੋਆਂ ਵਿੱਚੋਂ ਇੱਕ-ਡਿਸਕਵਰੀ ਜੰਗਲ ਪ੍ਰੋਗਰਾਮ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਚਾਹ ਦਾ ਕੱਪ ਸਾਂਝਾ ਕਰਦਿਆਂ।' ਬੇਅਰ ਗ੍ਰਿਲਸ ਨੇ ਕੈਪਸ਼ਨ 'ਚ ਮਹਾਮਾਰੀ ਤੇ ਕੁਦਰਤ ਬਾਰੇ ਵੀ ਕੁਝ ਵਿਚਾਰ ਲਿਖੇ। ਇੱਕ ਯੂਜ਼ਰ ਨੇ ਲਿਖਿਆ 'ਸ਼ਾਇਦ ਫੋਟੋ ਪਾਉਣ ਲਈ ਗ੍ਰਿਲਸ ਨੂੰ ਪੈਸੇ ਦਿੱਤੇ ਗਏ ਹੋਣ।' ਅਮਨ ਸਿਬੀਆ ਨਾਂਅ ਦੇ ਇੱਕ ਵਿਅਕਤੀ ਨੇ ਗ੍ਰਿਲਸ ਬਾਰੇ ਟਿੱਪਣੀ ਕੀਤੀ 'ਫੋਟੋ ਪਾਉਣ ਦਾ ਸਮਾਂ ਸ਼ਰਮਸਾਰ ਕਰਨ ਵਾਲਾ ਹੈ। ਜੇ ਤੁਹਾਨੂੰ ਮਨੁੱਖੀ ਹੱਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਵੀ ਤਾਂ ਤੁਹਾਡੀ ਮਸਹੂਰੀ ਕਰਨ ਵਾਲੇ ਵਿਭਾਗ ਵਿੱਚ ਕੌਣ ਹੈ, ਜਿਸ ਨੂੰ ਲੱਗਦਾ ਹੈ ਕਿ ਇਸ ਸ਼ਖਸੀਅਤ ਨਾਲ ਖੜ੍ਹਨ ਦਾ ਇਹ ਸਹੀ ਸਮਾਂ ਹੈ।' ਇੱਕ ਹੋਰ ਨੇ ਟਿੱਪਣੀ ਕੀਤੀ 'ਹੁਣ ਇਹ ਫੋਟੋ ਕਿਉਂ ਪਾ ਰਹੇ ਹੋ?' ਇਸੇ ਤਰ੍ਹਾਂ ਦੀਆਂ ਟਿੱਪਣੀਆਂ ਕਈ ਲੋਕਾਂ ਨੇ ਕੀਤੀਆਂ ਹਨ।

## ਕਤਲ ਕੇਸਾਂ ਵਿੱਚ ਸਜ਼ਾ ਯਾਫਤਾ ਕੈਦੀ ਭਰਦੇ ਨੇ ਵਾਹਨਾਂ 'ਚ ਪੈਟਰੋਲ

ਇੰਦੌਰ, 7 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਜੇਲ੍ਹ ਵਿਭਾਗ ਨੇ ਅਨੋਖੇ ਤਜਰਬੇ ਲਈ ਕੱਲ੍ਹ ਆਪਣਾ ਪੈਟਰੋਲ ਪੰਪ ਸ਼ੁਰੂ ਕੀਤਾ ਹੈ। ਇਹ ਸਾਰੇ ਸੂਬੇ ਵਿੱਚ ਇਸ ਵਿਭਾਗ ਦਾ ਪਹਿਲਾ ਪੈਟਰੋਲ ਪੰਪ ਹੈ ਜਿੱਥੇ ਚੰਗੇ ਆਚਰਣ ਵਾਲੇ ਸਜ਼ਾ ਯਾਫਤਾ ਕੈਦੀ ਵਾਹਨਾਂ ਵਿੱਚ ਪੈਟਰੋਲ ਭਰਦੇ ਨਜ਼ਰ ਆ ਰਹੇ ਹਨ। ਵਿਭਾਗੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤੇ ਕੈਦੀ ਅਜਿਹੇ ਹਨ ਜਿਨ੍ਹਾਂ ਨੂੰ ਕਤਲ ਦੇ ਵੱਖ-ਵੱਖਕੇਸਾਂ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜੇਲ੍ਹ ਤੇ ਸੁਧਾਰਾਤਮਕ ਸੇਵਾਵਾਂ ਵਿਭਾਗ ਦੇ ਡੀ ਜੀ ਪੀ ਅਰਵਿੰਦ ਕੁਮਾਰ ਨੇ ਸ਼ਹਿਰ ਦੇ ਕੇਂਦਰੀ ਜੇਲ੍ਹ ਦੇ ਨੇੜੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮ ਪੈਟਰੋਲ ਪੰਪ ਦਾ ਉਦਘਾਟਨ ਕੀਤਾ। ਇਸ ਦੌਰਾਨ ਸੂਬੇ ਦੇ ਜੇਲ੍ਹ ਵਿਭਾਗ ਦੇ ਮੁਖੀ ਪ੍ਰਤੀਕ ਸਵਰੂਪ ਆਪਣੀ ਕਾਰ ਵਿੱਚ ਖੁਦ ਪੈਟਰੋਲ ਭਰਦੇ ਹੋਏ ਨਜ਼ਰ ਆਏ। ਅਰਵਿੰਦ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਪੈਟਰੋਲ ਪੰਪ ਵਿੱਚ ਉਨ੍ਹਾਂ ਅੱਠ ਸਜ਼ਾ ਯਾਫਤਾ ਕੈਦੀਆਂ ਨੂੰ ਪੈਟਰੋਲ ਭਰਨ ਦੇ ਕੰਮ 'ਤੇ ਲਾਇਆ ਗਿਆ ਹੈ ਜਿਨ੍ਹਾਂ ਨੂੰ ਚੰਗੇ ਆਚਰਣ ਦੇ ਕਾਰਨ ਖੁੱਲ੍ਹੀ ਜੇਲ੍ਹ ਵਿੱਚ ਰੱਖਿਆ ਗਿਆ ਹੈ ਤੇ ਜਿਨ੍ਹਾਂ ਦੀ ਸਜ਼ਾ ਦੀ ਮਿਆਦ ਅਗਲੇ ਇੱਕ-ਦੋ ਸਾਲ ਤੱਕ ਖਤਮ ਹੋਣ ਵਾਲੀ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹ ਵਿਭਾਗ ਨੇ ਇੰਦੌਰ ਵਿੱਚ ਤਜਰਬੇ ਦੇ ਆਧਾਰ 'ਤੇ ਪੈਟਰੋਲ ਪੰਪ ਸ਼ੁਰੂ ਕੀਤਾ ਹੈ ਅਤੇ ਇਸ ਦੇ ਸੰਚਾਲਨ ਵਿੱਚ ਸਫਲਤਾ ਮਿਲਣ 'ਤੇ ਸੂਬੇ ਦੇ ਦੂਸਰੇ ਲਈ ਅਜਿਹੇ ਪੈਟਰੋਲ ਪੰਪ ਖੋਲ੍ਹੇ ਜਾਣ 'ਤੇ ਵਿਚਾਰ ਕੀਤਾ ਜਾਏਗਾ। ਕੇਂਦਰੀ ਜੇਲ੍ਹ ਦੇ ਸੁਪਰਡੈਂਟ ਰਾਕੇਸ਼ ਕੁਮਾਰ ਭਾਂਗਰੇ ਨੇ ਦੱਸਿਆ ਕਿ ਡੀ ਜੀ ਪੀ ਨੂੰ ਅਪੀਲ ਕੀਤੀ ਹੈ ਕਿ ਪੈਟਰੋਲ ਪੰਪ ਵਿੱਚ ਕੰਮ 'ਤੇ ਲਗਾਉਣ ਲਈ ਉਨ੍ਹਾਂ ਨੂੰ ਚੰਗੇ ਆਚਰਣ ਵਾਲੇ ਛੇ ਹੋਰ ਸਜ਼ਾ ਯਾਫਤਾ ਕੈਦੀਆਂ ਦੀਆਂ ਸੇਵਾਵਾਂ ਦਿੱਤੀਆਂ ਜਾਣ। ਉਨ੍ਹਾਂ ਨੇ ਕਿਹਾ ਕਿ ਪੈਟਰੋਲ ਪੰਪ ਵਿੱਚ ਕੈਦੀਆਂ ਨੂੰ ਰੋਜ਼ਗਾਰ ਦੇਣ ਨਾਲ ਸਾਨੂੰ ਉਨ੍ਹਾਂ ਦੇ ਮੁੜ ਵਸੇਬੇ ਵਿੱਚ ਵੀ ਮਦਦ ਮਿਲੇਗੀ।

## 26 ਜਨਵਰੀ ਨੂੰ ਪੁਲਸ ਉਤੇ ਹਮਲਾ ਕਰਨ ਵਾਲੇ ਜਣੇ ਤਿੰਨ ਗ੍ਰਿਫਤਾਰ


ਨਵੀਂ ਦਿੱਲੀ, 7 ਫਰਵਰੀ (ਪੋਸਟ ਬਿਊਰੋ)- ਨਵੇਂ ਖੇਤੀ ਕਾਨੂੰਨ ਦੇ ਵਿਰੁੱਧ 26 ਜਨਵਰੀ 'ਤੇ ਰਾਜਧਾਨੀ ਦਿੱਲੀ ਵਿੱਚ ਹੰਗਾਮਾ ਕਰਨ ਵਾਲਿਆਂ 'ਤੇ ਪੁਲਸ ਦਾ ਸ਼ਿਕੰਜਾ ਕਸਦਾ ਜਾਂਦਾ ਹੈ। ਉਤਰੀ ਜ਼ਿਲ੍ਹੇ ਦੇ ਵਿਸ਼ੇਸ਼ ਜਾਂਚ ਦਲ (ਐਸ ਆਈ ਟੀ) ਨੇ ਟਰੈਕਟਰ ਟਰਾਲੀ ਰੈਲੀ ਦੌਰਾਨ ਬੁਰਾੜੀ ਵਿੱਚ ਹੰਗਾਮਾ ਕਰਨ ਵਾਲੇ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਸ ਮੁਤਾਬਕ ਫੜੇ ਗਏ ਦੋਸ਼ੀਆਂ ਦੀ ਪਛਾਣ ਸ਼ਾਮ ਨਗਰ ਐਕਸਟੈਂਸ਼ਨ ਵਾਸੀ ਹਰਪਾਲ ਸਿੰਘ, ਚੰਦ ਨਗਰ ਵਾਸੀ ਹਰਜੀਤ ਸਿੰਘ ਅਤੇ ਤਿਲਕ ਨਗਰ ਦੇ ਧਰਮਿੰਦਰ ਸਿੰਘ ਦੇ ਰੂਪ ਵਿੱਚ ਹੋਈ ਹੈ। ਇਹ ਤਿੰਨੇ ਵਾਰਦਾਤ ਵਾਲੇ ਦਿਨ ਟਰੈਕਟਰ ਰੈਲੀ ਦੇ ਸਮਰਥਨ ਵਿੱਚ ਬੁਰਾੜੀ ਦੇ ਰਸਤੇ ਲਾਲ ਕਿਲ੍ਹੇਵੱਲ ਜਾ ਰਹੇ ਸਨ। ਦੋਸ਼ੀਆਂ ਦੇ ਕੋਲੋਂ ਵਾਰਦਾਤ ਵਿੱਚ ਵਰਤੇ ਮੋਟਰ ਸਾਈਕਲ, ਸਕੂਟੀ, ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੇ ਫੋਨ ਵਿੱਚ ਹਿੰਸਾ ਨਾਲ ਸਬੰਧਤ ਵੀਡੀਓ ਮਿਲੇ ਹਨ। ਪੁਲਸ ਉਨ੍ਹਾਂ ਤੋਂ ਪੁੱਛਗਿੱਛ ਕਰ ਕੇ ਘਟਨਾ ਵਿੱਚ ਸ਼ਾਮਲ ਹੋਰਨਾਂ ਲੋਕਾਂ ਦੀ ਪਛਾਣ ਵਿੱਚ ਲੱਗ ਗਈ ਹੈ। ਪੁਲਸ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ 26 ਜਨਵਰੀ ਨੂੰ ਟਰੈਕਟਰ ਰੈਲੀ ਦੇ ਦੌਰਾਨ ਉਤਰੀ ਜ਼ਿਲ੍ਹੇ ਵਿੱਚ ਜਗ੍ਹਾ-ਜਗ੍ਹਾ ਪੁਲਸ ਤੈਨਾਤ ਸੀ। ਸਿੰਘੂ ਬਾਰਡਰ ਤੋਂ ਅੰਦੋਲਨਕਾਰੀ ਮੁਕਰਬਾ ਚੌਕ ਹੁੰਦੇ ਹੋਏ ਲਾਲ ਕਿਲ੍ਹੇ ਵੱਲ ਵਧ ਰਹੇ ਸਨ। ਬੁਰਾੜੀ ਫਲਾਈਓਵਰ ਨੇੜੇ ਪੁਲਸ ਨੇ ਰੋਕਣਾਚਾਹਿਆ ਤਾਂ ਅੰਦੋਲਨਕਾਰੀਆਂ ਨੇ ਹਮਲਾ ਕਰ ਦਿੱਤਾ।

# ਟਿਕੈਤ ਵੱਲੋਂ ਕੇਂਦਰ ਸਰਕਾਰ ਨੂੰ ਦੋ ਅਕਤੂਬਰ ਤੱਕ ਦਾ ਅਲਟੀਮੇਟਮ

ਨਵੀਂ ਦਿੱਲੀ, 7 ਫਰਵਰੀ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਨੂੰ ਤਿੰ ਖੇਤੀ ਕਾਨੂੰਨ ਰੱਦ ਕਰਨ ਦਾ ਫੈਸਲਾ ਕਰਨ ਦਾ ਖੁੱਲ੍ਹਾ ਸਮਾਂ ਦਿੰਦਿਆਂ ਕਿਹਾ ਕਿ ਉਹ ਦੋ ਅਕਤੂਬਰ ਤੱਕ ਖੇਤੀ ਕਾਨੂੰਨ ਵਾਪਸ ਲੈਣ ਲਈ ਫੈਸਲਾ ਕਰੇ, ਉਦੋਂ ਤੱਕ ਕਿਸਾਨ ਮੋਰਚਿਆਂ 'ਤੇ ਡਟੇ ਰਹਿਣਗੇ। ਉਨ੍ਹਾਂ ਕੇਂਦਰ ਸਰਕਾਰ ਦੇ ਕਿਸੇ ਤਰ੍ਹਾਂ ਦੇ ਦਬਾਅ ਹੇਠ ਨਾ ਆਉਣ ਦਾ ਦਾਅਵਾ ਵੀ ਕੀਤਾ।

ਰਾਕੇਸ਼ ਟਿਕੈਤ ਨੇ ਕਿਹਾ, 'ਅਸੀਂ ਕੇਂਦਰ ਸਰਕਾਰ ਨੂੰ ਤਿੰਨੋਂ ਖੇਤੀ ਕਾਨੂੰਨ ਨੂੰ ਰੱਦ ਕਰਨ ਲਈ ਦੋ ਅਕਤੂਬਰ ਤੱਕ ਦਾ ਸਮਾਂ ਦਿੱਤਾ ਹੈ। ਉਸ ਤੋਂ ਬਾਅਦ ਹੀ ਕੋਈ ਹੋਰ ਯੋਜਨਾ ਉਲੀਕਾਂਗੇ। ਅਸੀਂ ਦਬਾਅ ਹੇਠ ਆ ਕੇ ਕੇਂਦਰ ਨਾਲ ਗੱਲਬਾਤ ਨਹੀਂ ਕਰਾਂਗੇ।' ਉਨ੍ਹਾਂ ਨੇ ਚੱਕਾ ਜਾਮ ਦੇ ਸ਼ਾਂਤਮਈ ਤਰੀਕੇ ਨਾਲ ਪੂਰਾ ਹੋਣ 'ਤੇ ਤਸੱਲੀ ਪ੍ਰਗਟਾਉਂਦਿਆਂ ਸਪੱਸ਼ਟ ਕੀਤਾ ਕਿ ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਚੱਕਾ ਜਾਮ ਨਾ ਕਰਨ ਦਾ ਫੈਸਲਾ ਕੁਝ ਰਿਪੋਰਟਾਂ ਮਗਰੋਂ ਲਿਆ ਗਿਆ ਸੀ, ਜਿਨ੍ਹਾਂ ਵਿੱਚ ਇਹ ਸੂਚਨਾ ਮਿਲੀ ਸੀ ਕਿ



ਉਕਤ ਦੋਵਾਂ ਰਾਜਾਂ ਵਿੱਚ ਮਾੜੇ ਅਨਸਰ ਗੜਬੜ ਕਰ ਸਕਦੇ ਹਨ। ਵਰਨਣ ਯੋਗ ਹੈ ਕਿ ਟਿਕੈਤ ਦੀ ਯੂਨੀਅਨ ਨੇ ਨਵੰਬਰ ਮਹੀਨੇ ਤੋਂ ਦਿੱਲੀ-ਮੇਰਠ ਮਾਰਗ ਬੰਦ ਕੀਤਾ ਹੋਇਆ ਹੈ।

ਇਸੇ ਦੌਰਾਨ ਸਖਤ ਸੁਰੱਖਿਆ ਪ੍ਰਬੰਧਾਂ ਦੀ ਨਿੰਦਾ ਕਰਦਿਆਂ ਰਾਕੇਸ਼ ਟਿਕੈਤ ਨੇ ਪੁਲਸ ਬੈਰੀਕੇਡਾਂ 'ਤੇ ਸੁਰੱਖਿਆ ਬਲਾਂ ਵੱਲ ਸਨਮਾਨ ਵਜੋਂ ਸਿਰ ਝੁਕਾਇਆ ਤੇ ਕਿਹਾ ਕਿ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਕੋਈ ਹੱਥ ਨਹੀਂ ਲਾ ਸਕਦਾ, ਕਿਸਾਨ ਇਨ੍ਹਾਂ ਦੀ ਰਾਖੀ ਕਰਨਗੇ। ਇਸ ਲਈ ਦੋਵਾਂ ਕਿਸਾਨਾਂ ਤੇ ਸਿਪਾਹੀਆਂ ਨੂੰ ਇਕੱਠੇ ਹੋ ਕੇ ਅੱਗੇ ਆਉਣਾ ਪਵੇਗਾ। ਗਾਜ਼ੀਪੁਰ ਹੱਦ 'ਤੇ ਸਖਤ ਬੈਰੀਕੇਡਾਂ ਦੀ ਕੰਧ ਹੋਣ ਦੇ ਬਾਵਜੂਦ ਉਨ੍ਹਾਂ ਦੂਜੇ ਪਾਸੇ ਸੁਰੱਖਿਆ ਬਲਾਂ ਦੇ ਲੋਕਾਂ ਗੱਲਬਾਤ ਕੀਤੀ ਅਤੇ ਕਿਹਾ, 'ਆਪ ਕੋ ਦੋਨੋਂ ਹੱਥ ਜੋੜ ਕੇ ਮੇਰਾ ਪ੍ਰਣਾਮ। ਤੁਸੀਂ ਸਾਰੇ ਮੇਰੇ ਖੇਤਾਂ ਦੀ ਰਾਖੀ ਕਰੋਗੇ।' ਗਾਜ਼ੀਪੁਰ ਹੱਦ 'ਤੇ ਹਜ਼ਾਰਾਂ ਕਿਸਾਨ ਉਤਰ ਪ੍ਰਦੇਸ਼ ਤੇ ਉਤਰਾਖੰਡ ਤੋਂ ਆ ਕੇ ਪ੍ਰਦਰਸ਼ਨ ਕਰ ਰਹੇ ਹਨ।

ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾਕਟਰ ਦਰਸ਼ਨ ਪਾਲ ਨੇ ਕਿਹਾ ਕਿ ਬੀਤੇ ਦਿਨ ਪਾਰਲੀਮੈਂਟ ਵਿੱਚ ਖੇਤੀਬਾੜੀ ਮੰਤਰੀ ਨੇ ਇਹ ਕਹਿ ਕੇ ਭਾਰਤ ਦੇ ਕਿਸਾਨਾਂ ਦੇ ਸੰਘਰਸ਼ ਦਾ ਅਪਮਾਨ ਕੀਤਾ ਕਿ ਸਿਰਫ ਇੱਕ ਰਾਜ ਦੇ ਕਿਸਾਨ ਹੀ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ, ਜਦ ਕਿ ਕੱਲ੍ਹ ਦੇ ਦੇਸ਼ ਪੱਧਰੀ ਚੱਕਾ ਜਾਮ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਦੇਸ਼ ਭਰ ਦੇ ਕਿਸਾਨ ਇਨ੍ਹਾਂ ਕਾਨੂੰਨਾਂ ਵਿਰੁੱਧ ਇਕਜੁੱਟ ਹਨ। ਕਿਸਾਨ ਆਗੂ ਨੇ ਕਿਹਾ ਕਿ ਅੰਦੋਲਨ ਵਿੱਚ ਅੱਜ ਤੱਕ 204 ਕਿਸਾਨ ਸ਼ਹੀਦ ਹੋ ਚੁੱਕੇ ਹਨ, ਪਰ ਸਰਕਾਰ ਅਜੇ ਵੀ ਕਿਸਾਨਾਂ ਦੇ ਦਰਦ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਅੰਦੋਲਨ ਵਿੱਚ ਸ਼ਹੀਦ ਹੋਏ ਬਲਵਿੰਦਰ ਸਿੰਘ ਦੇ ਸਸਕਾਰ ਸਮੇਂ ਕੌਮੀ ਝੰਡੇ ਦੇ ਅਪਮਾਨ ਕਰਨ ਦੇ ਸਬੰਧ ਵਿੱਚ ਉਨ੍ਹਾਂ ਦੀ ਮਾਂ ਅਤੇ ਭਰਾ ਵਿਰੁੱਧ ਜੋ ਕੇਸ ਦਰਜ ਕੀਤਾ ਗਿਆ ਹੈ, ਉਹ ਤੁਰੰਤ ਰੱਦ ਹੋਵੇ। ਮੋਰਚੇ ਨੇ ਕਿਸਾਨ ਪਰਵਾਰ ਨੂੰ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ।ਦਰਸ਼ਨ ਪਾਲ ਨੇ ਕਿਹਾ, 'ਸਰਕਾਰ ਦੇ ਇਸ਼ਾਰੇ 'ਤੇ ਕੁਝ ਲੋਕ ਇਸ ਅੰਦੋਲਨ ਨੂੰ ਅੰਦਰੂਨੀ ਮਾਮਲਾ ਕਹਿ ਕੇ ਦਬਾਉਣਾ ਚਾਹੁੰਦੇ ਹਨ, ਪਰ ਇਹ ਸਮਝਣ ਦੀ ਲੋੜ ਹੈ ਕਿ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਨੇ, ਤੰਤਰ ਨਹੀਂ।' ਕਿਸਾਨ ਸਰਕਾਰ ਨਾਲ ਗੱਲਬਾਤ ਨੂੰ ਤਿਆਰ ਹਨ, ਪਰ ਸਰਕਾਰ ਨਵੀਂ ਪੇਸ਼ਕਸ਼ ਲੈ ਕੇ ਆਵੇ ਅਤੇ ਸਾਨੂੰ ਕਾਨੂੰਨ 12 ਤੋਂ 18 ਮਹੀਨੇ ਤੱਕ ਸਸਪੈਂਡ ਕਰਨ ਦੀ ਪੇਸ਼ਕਸ਼ ਪ੍ਰਵਾਨ ਨਹੀਂ ਹੈ।

## ਸੀ ਏ ਨੇ ਪਤਨੀ ਦੀ ਹੱਤਿਆ ਕਰਵਾ ਕੇ ਸ਼ੱਕ ਤੋਂ ਬਚਣ ਲਈ ਅੱਖਾਂ ਦਾਨ ਕਰਵਾਈਆਂ

*** ਸਵਾ ਮਹੀਨੇ ਬਾਅਦ ਹੱਤਿਆ ਦੀ ਗੁੱਥੀ ਸੁਲਝੀ**

ਡੀਸਾ (ਬਨਾਸਕਾਂਠਾ), 7 ਫਰਵਰੀ (ਪੋਸਟ ਬਿਊਰੋ)- ਗੁਜਰਾਤ ਦੇ ਬਨਾਸਕਾਂਠਾ ਵਿੱਚ ਪੁਲਸ ਨੇ ਇੱਕਚਾਰਟਰਡ ਅਕਾਊਂਟੈਂਟ (ਸੀ ਏ) ਨੂੰ ਪਤਨੀ ਦੀ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਪੁਲਸ ਨੂੰ ਸ਼ੱਕ ਹੈ ਕਿ ਉਸ ਨੇ ਇੱਕ ਕਰੋੜ ਰੁਪਏ ਦੀ ਬੀਮਾ ਰਾਸ਼ੀ ਦੇ ਲਈ ਪਤਨੀ ਦੀ ਸੁਪਾਰੀ ਦੇ ਕੇ ਹੱਤਿਆ ਕਰਵਾਈ ਹੈ। ਇਹੀ ਨਹੀਂ, ਕਿਸੇ ਨੂੰ ਸ਼ੱਕ ਨਾ ਹੋਵੇ, ਇਸ ਲਈ ਉਸਨੇ ਪਤਨੀ ਦੀਆਂ ਅੱਖਾਂ ਦਾਨ ਵੀ ਕਰਵਾਈਆਂ।

ਮਿਲੀ ਜਾਣਕਾਰੀ ਮੁਤਾਬਕ ਡੀਸਾ ਇਲਾਕੇ ਵਿੱਚ ਰਹਿਣ ਵਾਲੇ ਸੀ ਏ ਲਲਿਤ ਟਾਂਕ ਦੀ ਪਤਨੀ ਦਕਸ਼ਾਬੇਨ ਦੀ 26 ਦਸੰਬਰ 2020 ਨੂੰ ਇੱਕ ਵਾਹਨ ਦੀ ਟੱਕਰ ਨਾਲ ਮੌਤ ਹੋ ਗਈ। ਗੰਭੀਰ ਹਾਲਤ ਵਿੱਚ ਉਸ ਨੂੰ ਡੀਸਾ ਦੇ ਹਸਪਤਾਲ ਲਿਜਾਇਆ ਗਿਆ ਤਾਂ ਉਥੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਇਸ ਦੌਰਾਨ ਲਲਿਤ ਵੀ ਉਸ ਦੇ ਨਾਲ ਸੀ, ਪਰ ਉਸ ਨੂੰ ਕੁਝ ਨਹੀਂ ਹੋਇਆ। ਪੁਲਸ ਨੂੰ ਸ਼ੱਕ ਹੋ ਗਿਆ। ਬਨਾਸਕਾਂਠਾ ਦੇ ਐਸ ਪੀ ਤਰੁਣ ਦੁੱਗਲ ਨੇ ਦੱਸਿਆ ਕਿ ਹਾਦਸੇ ਵਿੱਚ ਲਲਿਤ ਨੂੰ ਕੁਝ ਨਾ ਹੋਣਾ ਸ਼ੱਕ ਪੈਦਾ ਕਰਦਾਹੈ। ਇਸ ਲਈ ਪੁਲਸ ਨੇ ਉਸ ਦੇ ਕਾਲ ਡਿਟੇਲ ਦੀ ਪੜਤਾਲ ਕੀਤੀ। ਦੂਸਰੇ ਪੱਖਾਂ 'ਤੇ ਵੀ ਪੜਤਾਲ ਕੀਤੀ ਅਤੇ ਮਿਲੇ ਸਬੂਤਾਂ ਦੇ ਆਧਾਰ 'ਤੇ ਲਲਿਤ ਨੂੰ ਗ੍ਰਿਫਤਾਰ ਕਰ ਲਿਆ। ਹੱਤਿਆ ਪਿੱਛੇ ਇੱਕ ਕਰੋੜ ਰੁਪਏ ਦੀ ਬੀਮਾ ਰਾਸ਼ੀ ਦੀ ਵੀ ਜਾਂਚ ਹੋ ਰਹੀ ਹੈ। ਦਕਸ਼ਾ ਦੀ ਮੌਤ ਦੇ ਬਾਅਦ ਇਹ ਰਾਸ਼ੀ ਲਲਿਤ ਨੂੰ ਮਿਲਣੀ ਹੈ। ਲਲਿਤ-ਦਕਸ਼ਾ ਦੇ ਦੋ ਬੱਚੇ ਹਨ। ਲੜਕੀ ਹੀਰਾ ਸਵਾ ਸਾਲ ਦੀ ਅਤੇ ਬੇਟਾ ਆਦਿਤਯ ਚਾਰ ਸਾਲ ਦਾਹੈ।

## ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਸਬੰਧ ਨਹੀਂ: ਹੱਕਾਨੀ

ਵਾਸ਼ਿੰਗਟਨ, 7 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਪਾਕਿ-ਸਤਾਨ ਦੇ ਇੱਕ ਸਾਬਕਾ ਡਿਪਲੋਮੈਟ ਹੁਸੈਨ ਹੱਕਾਨੀ ਨੇ ਕਿਹਾ ਹੈ ਕਿ ਅਮਰੀਕਾ ਅਤੇ ਤਾਲਿਬਾਨ ਵਿਚਾਲੇ ਹੋਏ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਸਬੰਧ ਨਹੀਂ ਤੇ ਇਹ ਮੂਲ ਰੂਪ 'ਚ ਜੰਗ ਨਾਲ ਪੀੜਤ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੀ ਵਾਪਸੀ ਦਾ ਸਮਝੌਤਾ ਹੈ।

ਥਿੰਕ ਟੈਂਕ 'ਹਡਸਨ ਇੰਸਟੀਚਿਊਟ'ਵੱਲੋਂ 'ਅਫਗਾਨ ਸ਼ਾਂਤੀ ਪ੍ਰਕਿਰਿਆ; ਪ੍ਰਗਤੀ ਜਾਂ ਸੰਕਟ?' ਵਾਲੇ ਵਿਸ਼ੇ 'ਤੇ ਆਨਲਾਈਨ ਕਰਵਾਏ ਸਮਾਰੋਹ ਵਿੱਚ ਹੁਸੈਨ ਹੱਕਾਨੀ ਨੇ ਕਿਹਾ, 'ਮੈਂ ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਦਾ ਲੰਮੇ ਸਮੇਂ ਤੋਂ ਆਲੋਚਕ ਹਾਂ। ਮੇਰਾ ਮੰਨਣਾ ਹੈ ਕਿ



ਇਸ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਇਹ ਸੁਰੱਖਿਆ ਫੋਰਸਾਂ ਦੀ ਵਾਪਸੀ ਦਾ ਸਮਝੌਤਾ ਹੈ। ਤਾਲਿਬਾਨ ਨੂੰ ਕੇਵਲ ਇੱਕ ਚੀਜ਼ ਦੀ ਵਚਨਬੱਧਤਾ ਜਾਹਰ ਕਰਨ ਨੂੰ ਕਿਹਾ ਗਿਆ ਹੈ ਉਹ ਆਖਰ-ਅਫਗਾਨ ਵਾਰਤਾ ਕਰਨਗੇ, ਨਾ ਕਿ ਉਹ ਸ਼ਾਂਤੀ ਲਈ ਸਹਿਮਤ ਹੋਣਗੇ।'

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦੀ ਸਰਕਾਰ ਨੇ ਪਿਛਲੇ ਸਾਲ ਫਰਵਰੀ ਵਿੱਚ ਤਾਲਿਬਾਨ ਨਾਲ ਸਮਝੌਤਾ ਕੀਤਾ ਸੀ, ਜਿਸ ਵਿੱਚ ਅੱਤਵਾਦੀ ਗਰੁੱਪਾਂ ਵੱਲੋਂ ਸੁਰੱਖਿਆ ਦੀ ਗਾਰੰਟੀ ਬਦਲੇ ਅਫਗਾਨਿਸਤਾਨ 'ਚੋਂ ਅਮਰੀਕੀ ਫੌਜ ਦੀ ਵਾਪਸੀ ਦੀ ਯੋਜਨਾ ਬਣਾਈ ਗਈ ਸੀ। ਹੱਕਾਨੀ ਨੇ ਕਿਹਾ ਕਿ ਤਾਲਿਬਾਨ ਦੀ ਸ਼ਾਂਤੀ ਦੇ ਅਰਥ ਅਮਰੀਕਾ ਦੇ ਅਰਥਾਂ ਤੋਂ ਬਹੁਤ ਅਲੱਗ ਹਨ। ਹਡਸਨ ਇੰਸਟੀਚਿਊਟ ਵਿੱਚ ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੇ ਨਿਰਦੇਸ਼ਕ ਹੱਕਾਨੀ ਨੇ ਕਿਹਾ, 'ਤਾਲਿਬਾਨ ਦਾ ਮੰਨਣਾ ਹੈ ਕਿ ਜਦ ਉਸ ਦੇ ਇਸਲਾਮੀ ਰਾਜ ਦੀ ਸਥਾਪਨਾ ਹੋ ਜਾਏਗੀ, ਤਦ ਸ਼ਾਂਤੀ ਸਥਾਪਤ ਹੋਵੇਗੀ।'

## ਆਂਧਰਾ ਪ੍ਰਦੇਸ਼ ਦੇ ਪੰਚਾਇਤ ਮੰਤਰੀ ਨੂੰ 21 ਫਰਵਰੀ ਤੱਕ ਘਰ ਵਿੱਚ ਬੰਦ ਰੱਖਣ ਦਾ ਹੁਕਮ

ਅਮਰਾਵਤੀ, 7 ਫਰਵਰੀ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਰਾਜ ਚੋਣ ਕਮਿਸ਼ਨ ਨੇ ਇੱਕ ਦੁਰਲੱਭ ਘਟਨਾਚੱਕਰ ਅਧੀਨ ਕੱਲ੍ਹ ਸੂਬੇ ਦੇ ਪੁਲਸ ਮੁਖੀ ਨੂੰ ਇਹ ਗੱਲ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ ਕਿ ਸੂਬੇ ਦੇ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਮੰਤਰੀ ਪੀ ਰਾਮ ਚੰਦਰ ਰੈਡੀ 21 ਫਰਵਰੀ ਤੱਕ ਆਪਣੇ ਘਰ ਵਿੱਚ ਨਜ਼ਰਬੰਦ ਰਖਿਆ ਜਾਏ।ਕਮਿਸ਼ਨ ਵਿਰੁੱਧ ਟਿੱਪਣੀਆਂ ਕਾਰਨ ਉਨ੍ਹਾਂ ਵਿਰੁੱਧ ਇਹ ਕਾਰਵਾਈ ਕੀਤੀ ਗਈ ਹੈ।

ਇਸ ਰਾਜ ਵਿੱਚ ਪੰਚਾਇਤੀ ਚੋਣਾਂ 9 ਫਰਵਰੀ ਤੋਂ ਸ਼ੁਰੂ ਹੋਣੀਆਂ ਅਤੇ ਚਾਰ ਪੜਾਵਾਂ ਵਿੱਚ ਪੈ ਕੇ 21 ਫਰਵਰੀ ਨੂੰ ਖਤਮ ਹੋਣਗੀਆਂ। ਸੂਬੇ ਦੇ ਚੋਣ ਕਮਿਸ਼ਨਰ ਰਮੇਸ਼ ਕੁਮਾਰ ਨੇ ਕਿਹਾ ਹੈ ਕਿ ਕਮਿਸ਼ਨ ਨੇ ਉਕਤ ਕਾਰਵਾਈ ਲਈ ਵੱਖ-ਵੱਖ ਬਦਲਾਂ ਅਤੇ ਸੰਦਰਭਾਂ 'ਤੇ ਧਿਆਨ ਨਾਲ ਵਿਚਾਰ ਕੀਤਾ। ਸੰਵਿਧਾਨ ਦੇ ਆਰਟੀਕਲ 243-ਕੇ ਵਿੱਚ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਮੰਤਰੀ ਵਿਰੁੱਧ ਇਹ ਹੁਕਮ ਦਿੱਤਾ ਹੈ।ਚੋਣ ਕਮਿਸ਼ਨਰ ਮੁਤਾਬਕ ਮੰਤਰੀ ਨੇ ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੁਲੈਕਟਰਾਂ ਅਤੇ ਚੋਣ ਅਧਿਕਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਉਹ 'ਸਨਕੀ ਚੋਣ ਕਮਿਸ਼ਨਰ' ਦੇ ਹੁਕਮਾਂ ਦੀ ਪਾਲਣਾ ਨਾ ਕਰਨ। ਜੇ ਉਹ ਇੰਝ ਕਰਦੇ ਹਨ ਤਾਂ ਚੋਣਾਂ ਪਿੱਛੋਂ ਅਜਿਹੇ ਅਫਸਰਾਂ ਵਿਰੁੱਧ ਕਾਰਵਾਈ ਵਜੋਂ ਉਨ੍ਹਾਂ ਨੂੰ ਕਾਲੀ ਸੂਚੀ ਵਿੱਚ ਪਾ ਦਿੱਤਾ ਜਾਏਗਾ। ਰੈਡੀ ਨੇ ਸੂਬਾਈ ਚੋਣ ਕਮਿਸ਼ਨਰ ਦੇ ਸਿਆਸੀ ਇਰਾਦੇ 'ਤੇ ਵੀ ਸਵਾਲ ਉਠਾਉਂਦੇ ਹੋਏ ਕਿਹਾ ਸੀ ਕਿ ਰਮੇਸ਼ ਕੁਮਾਰ ਵਿਰੋਧੀ ਪਾਰਟੀ ਤੇਲਗੂ ਦੇਸ਼ਮ ਦਾ ਪੱਖ ਲੈ ਰਹੇ ਹਨ ਤਾਂ ਜੋ ਭਵਿੱਖ ਵਿੱਚ ਉਨ੍ਹਾਂ ਨੂੰ ਲੋਕ ਸਭਾ ਜਾਂ ਵਿਧਾਨ ਪ੍ਰੀਸ਼ਦ ਦੀ ਸੀਟ ਮਿਲ ਸਕੇ।

## 95 ਸਾਲ ਦੀ ਔਰਤ 'ਤੇ 10 ਹਜ਼ਾਰ ਤੋਂ ਵੱਧ ਲੋਕਾਂ ਦੀ ਹੱਤਿਆ ਵਿੱਚ ਮਦਦ ਕਰਨ ਦੇ ਦੋਸ਼

ਜਰਮਨੀ, 7 ਫਰਵਰੀ (ਪੋਸਟ ਬਿਊਰੋ)- ਇਸ ਦੇਸ਼ ਦੇਵਕੀਲਾਂ ਨੇ ਇੱਕ 95 ਸਾਲਾ ਔਰਤ 'ਤੇ 10 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਹੱਤਿਆ 'ਚ ਮਦਦ ਕਰਨ ਦਾ ਦੋਸ਼ ਲਾਇਆ ਹੈ। ਇਹ ਔਰਤ ਨਾਜੀ ਟਾਰਚਰ ਕੈਂਪ ਵਿੱਚ ਸੈਕਟਰੀ ਵਜੋਂ ਕੰਮ ਕਰਦੀ ਸੀ ਅਤੇ ਉਹ ਦੂਸਰੀ ਵਿਸ਼ਵ ਜੰਗ ਸਮੇਂ ਸਾਲ 1943 ਤੋਂ 1945 ਵਿਚਾਲੇ ਨਾਜੀਆਂ ਦੇ ਕਬਜ਼ੇ ਵਾਲੇ ਪੋਲੈਂਡ ਦੇ ਸਟਟਥਾਫ ਕੈਂਪ 'ਚ ਤੈਨਾਤ ਸੀ। ਵਕੀਲਾਂ ਨੇ ਔਰਤ ਦਾ ਨਾਂਅ ਨਹੀਂ ਸੀ ਦੱਸਿਆ, ਪਰ ਸਥਾਨਕ ਮੀਡੀਆ ਰਿਪੋਰਟ ਵਿੱਚ ਔਰਤ ਦਾ ਨਾਂਅ ਈਰਮਗਾਰਡ ਐਫ. ਦੱਸਿਆ ਗਿਆ ਹੈ।

ਇਹ ਔਰਤ ਇਸ ਸਮੇਂ ਜਰਮਨੀ ਦੇ ਹੈਮਬਰਗ 'ਚ ਬਜ਼ੁਰਗਾਂ ਦੇ ਕੇਅਰ-ਹੋਮ ਵਿੱਚ ਰਹਿੰਦੀ ਹੈ। ਉਸ ਦੇ ਖਿਲਾਫ ਕੇਸ ਦਰਜ ਹੋਣ ਪਿੱਛੋਂ ਇੱਕ ਬਿਆਨ ਵਿੱਚ ਵਕੀਲਾਂ ਨੇ ਕਿਹਾ ਹੈ ਕਿ ਔਰਤ 'ਤੇ ਯਹੂਦੀ ਕੈਦੀਆਂ, ਪੋਲਿਸ਼ ਕੱਟੜਪੰਥੀਆਂ ਅਤੇ ਸੋਵੀਅਤ ਰੂਸ ਦੇ ਜੰਗ ਬੰਦੀਆਂ ਦੀ ਹੱਤਿਆ ਕਰਨ 'ਚ ਮਦਦ ਕਰਨ ਦਾ ਦੋਸ਼ ਹੈ। ਇਨ੍ਹਾਂ ਅਪਰਾਧਾਂ ਦੇ ਸਮੇਂ ਔਰਤ ਨਬਾਲਗ ਸੀ, ਇਸ ਲਈ ਕੇਸ ਦੀ ਸੁਣਵਾਈ ਜੁਵੇਨਾਈਲ ਕੋਰਟ ਵਿੱਚ ਹੋਵੇਗੀ।ਵਕੀਲਾਂ ਦੇ ਬੁਲਾਰੇ ਪੀਟਰ ਮਿਊਲਰ ਰਾਕਾ ਨੇ ਕਿਹਾ ਕਿ ਕੈਂਪ ਦੀ ਹਾਲਤ ਬੁਰੀ ਹੋਣ ਤੋਂ ਬਾਅਦ ਵੀ ਕੁਝ ਲੋਕ ਬਚ ਗਏ ਸਨ। ਇਨ੍ਹਾਂ ਵਿੱਚੋਂ ਕਈਆਂ ਦੇ ਕਤਲ ਦੀ ਕੋਸ਼ਿਸ਼ ਹੋਈ ਸੀ, ਜਿਸ ਦਾ ਮੁਲਾਂਕਣ ਕੀਤਾ ਗਿਆ ਹੈ। ਜਾਂਚ ਕਰਤਾ ਇਸ ਕੇਸ ਦੀ ਵੱਡੀ ਪੱਧਰ 'ਤੇ ਜਾਂਚ ਕਰਨਗੇ। ਉਹ ਉਨ੍ਹਾਂ ਪੀੜਤਾਂ ਨਾਲ ਵੀ ਗੱਲ ਕਰਨਗੇ, ਜੋ ਇਸ ਸਮੇਂ ਅਮਰੀਕਾ ਤੇ ਇਜ਼ਰਾਈਲ ਵਿੱਚ ਰਹਿ ਰਹੇ ਹਨ। ਇਸ ਜਾਂਚ ਵਿੱਚ ਇਤਿਹਾਸਕਾਰਾਂ ਦੀ ਮਦਦ ਲਈ ਜਾ ਰਹੀ ਹੈ।

# ਬਰਤਾਨੀਆ ਨੇ ਖੇਤੀਬਾੜੀ ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਕਿਹਾ

ਲੰਡਨ, 7 ਫਰਵਰੀ (ਪੋਸਟ ਬਿਊਰੋ)- ਬ੍ਰਿਟਿਸ਼ ਪਾਰਲੀਮੈਂਟ ਵਿੱਚ ਇੱਕ ਲਿਖਤੀ ਪੁੱਛੇ ਸਵਾਲ ਦੇ ਜਵਾਬ ਵਿੱਚ ਬ੍ਰਿਟਿਸ਼ ਵਿਦੇਸ਼ ਦਫਤਰ ਦੇ ਏਸ਼ੀਆਈ ਮਾਮਲਿਆਂ ਦੇ ਮੰਤਰੀ ਨਾਈਜਲ ਐਡਮਜ਼ ਨੇ ਕਿਹਾ ਕਿ ਅਸੀਂ ਭਾਰਤ ਅਤੇ ਯੂ ਕੇ ਵਿੱਚ ਚਿੰਤਾਵਾਂ ਤੋਂ ਜਾਣੂ ਹਾਂ ਕਿ ਇਹ ਸੁਧਾਰ ਕਿਸਾਨ ਭਾਈਚਾਰੇ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀਬਾੜੀ ਸੁਧਾਰ ਭਾਰਤੀ ਅਧਿਕਾਰੀਆਂ ਲਈ ਘਰੇਲੂ ਨੀਤੀ ਦਾ ਮੁੱਦਾ ਹੈ।

26 ਜਨਵਰੀ ਨੂੰ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਪੁੱਛੇ ਜਾਣ 'ਤੇ ਨਾਈਜਲ ਐਡਮਜ਼ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਇਕੱਠੇ ਹੋਣ ਅਤੇ ਪਹੁੰਚ ਦਿਖਾਉਣ ਦਾ ਅਧਿਕਾਰ ਸਾਰੇ



ਲੋਕਤੰਤਰਾਂ ਲਈ ਆਮ ਗੱਲ ਹੈ, ਜੇ ਵਿਰੋਧ ਪ੍ਰਦਰਸ਼ਨ ਕਾਨੂੰਨੀ ਹੱਦਾਂ ਦੀ ਉਲੰਘਣਾ ਕਰਦੇ ਹਨ ਤਾਂ ਸਰਕਾਰਾਂ ਕੋਲ ਕਾਨੂੰਨ ਵਿਵਸਥਾ ਲਾਗੂ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਤੋਂ ਪਹਿਲਾਂ ਵੀ ਬਰਤਾਨਵੀ ਸਰਕਾਰ ਨੂੰ ਕਿਸਾਨ ਅੰਦੋਲਨਬਾਰੇ ਸਵਾਲ ਕੀਤੇ ਗਏ ਸਨ, ਪਰ ਹਰ ਵਾਰ ਉਸ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸ ਕੇ ਆਪਣੇ ਆਪ ਨੂੰ ਵੱਖ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਭਾਰਤ ਸਰਕਾਰ ਨਾਲ ਦੋਸਤਾਨਾ ਸਬੰਧ ਬਣਾਈ ਰੱਖਣ ਲਈ ਬ੍ਰਿਟਿਸ਼ ਸਰਕਾਰ ਯਤਨਸ਼ੀਲ ਹੈ। ਭਾਰਤ ਨੇ ਇਸ ਵਾਰ ਗਣਤੰਤਰ ਦਿਵਸ ਮੌਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਸੀ, ਪਰ ਕੋਰੋਨਾ ਕਰ ਕੇ ਉਨ੍ਹਾਂ ਨੂੰ ਆਪਣੀ ਯਾਤਰਾ ਰੱਦ ਕਰਨੀ ਪਈ ਸੀ। ਵਰਨਣ ਯੋਗ ਹੈ ਕਿ ਲੇਬਰ ਪਾਰਟੀ ਦੇ ਐਮ ਪੀ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਹੇਠ 36 ਬਰਤਾਨਵੀ ਪਾਰਲੀਮੈਂਟ ਮੈਂਬਰਾਂ ਅਤੇ ਬਾਅਦ ਵਿੱਚ 100 ਪਾਰਲੀਮੈਂਟਮੈਂਬਰਾਂ ਨੇ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਪੱਤਰ ਲਿਖਿਆ ਸੀ। ਇਸ ਪੱਤਰ ਵਿੱਚ ਸੰਸਦ ਮੈਂਬਰਾਂ ਨੇ ਪੰਜਾਬ ਦੇ ਸਿੱਖ ਕਿਸਾਨਾਂ ਬਾਰੇ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਲਈ ਕਿਹਾ ਸੀ।

## ਦਿਲੀਪ ਕੁਮਾਰ ਦੇ ਜੱਦੀ ਮਕਾਨ ਨੂੰ ਮਾਲਕ ਵੱਲੋਂ ਸਰਕਾਰੀ ਮੁੱਲ ਉਤੇ ਵੇਚਣ ਤੋਂ ਇਨਕਾਰ

ਪਿਸ਼ਾਵਰ, 7 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਮਹਾਨ ਅਭਿਨੇਤਾ ਦਿਲੀਪ ਕੁਮਾਰ ਦੇ ਜੱਦੀ ਮਕਾਨ ਦੇ ਮਾਲਕ ਨੇ ਸਰਕਾਰ ਵੱਲੋਂ ਤੈਅ ਕੀਮਤ 'ਤੇ ਨੂੰ ਵੇਚਣ ਤੋਂ ਸਿਰ ਫੇਰ ਦਿੱਤਾ ਤੇ ਕਿਹਾ ਕਿ ਉਹ ਇਸ ਜਾਇਦਾਦ ਦੇ 25 ਕਰੋੜ ਰੁਪਏ ਦੀ ਮੰਗ ਰੱਖੇਗਾ, ਪ੍ਰਸ਼ਾਸਨ ਨੇ ਬਹੁਤ ਘੱਟ ਕੀਮਤ ਲਾਈ ਹੈ।

ਸੂਬਾ ਸਰਕਾਰ ਨੇ ਪਿਸ਼ਾਵਰ ਵਿੱਚ ਚਾਰ ਮਰਲਾ ਯਾਨੀ 101 ਵਰਗਮੀਟਰ ਦੇ ਇਸ ਮਕਾਨ ਦੀ ਕੀਮਤ 80.56 ਲੱਖ ਰੁਪਏ ਲਾਈ ਸੀ। ਮਕਾਨ ਮਾਲਕ ਹਾਜ਼ੀ ਲਾਲ ਮੁਹੰਮਦ ਨੇ ਕਿਹਾ ਕਿ ਜਦ ਉਸ ਨਾਲ ਪਿਸ਼ਾਵਰ ਪ੍ਰਸ਼ਾਸਨ ਦੇ ਨਾਲ ਸੰਪਰਕ ਕਰੇਗਾ ਅਤੇ ਇਸ ਜਾਇਦਾਦ ਦੇ 25 ਕਰੋੜ ਰੁਪਏ ਮੰਗੇਗਾ। ਉਸ ਨੇ ਕਿਹਾ ਕਿ ਉਸ ਨੇ 2005 ਵਿੱਚ ਸਾਰੀ ਕਾਰਵਾਈ ਪੂਰੀ ਕਰਕੇ 51 ਲੱਖ ਰੁਪਏ ਇਹ ਜਾਇਦਾਦ ਖਰੀਦੀ ਸੀ ਤੇ ਉਸ ਦੇ ਕੋਲ ਮਕਾਨ ਦੇ ਸਾਰੇ ਦਸਤਾਵੇਜ਼ ਹਨ। ਉਸ ਨੇ ਕਿਹਾ ਕਿ 16 ਸਾਲ ਬਾਅਦ ਇਸ ਜਾਇਦਾਦ ਦੀ ਕੀਮਤ ਸਿਰਫ 80.56 ਲੱਖ ਰੁਪਏ ਤੈਅ ਕਰਨਾ ਸਰਕਾਰ ਦੇ ਲਈ ਠੀਕ ਨਹੀਂ। ਮੁਹੰਮਦ ਨੇ ਕਿਹਾ ਕਿ ਮੁਹੱਲਾ ਖੁਦਾਬਾਦ ਕਿੱਸਾ ਖਵਾਨੀ ਬਾਜ਼ਾਰ ਦੀ ਜਾਇਦਾਦ ਬਹੁਤ ਮਹਿੰਗੀ ਹੈ ਤੇ ਇਥੇ ਪ੍ਰਤੀ ਮਰਲਾ ਪੰਜ ਕਰੋੜ ਰੁਪਏ ਰੇਟ ਹੋਣ ਕਰ ਕੇ ਉਹ ਆਪਣੇ ਵਕੀਲ ਰਾਹੀਂ 25 ਕਰੋੜ ਰੁਪਏ ਮੰਗੇਗਾ।

# ਕਾਬੁਲ ਬੰਬ ਧਮਾਕਿਆਂ ਵਿੱਚ ਤਿੰਨ ਮਰੇ

ਕਾਬੁਲ, 7 ਫਰਵਰੀ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਕੱਲ੍ਹ ਹੋਏ ਦੋ ਵੱਖ-ਵੱਖ ਧਮਾਕਿਆਂ ਵਿੱਚ ਸਿੱਖ ਭਾਈਚਾਰੇ ਦੇ ਦੋ ਮੈਂਬਰਾਂ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ ਚਾਰ ਜ਼ਖਮੀ ਹੋ ਗਏ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪਹਿਲਾ ਧਮਾਕਾ ਰਾਜਧਾਨੀ ਦੇ ਵਿਚਾਲੇ ਇੱਕ ਸਟੋਰ ਵਿੱਚ ਹੋਇਆ, ਜਿਸ ਨਾਲ ਇਹ ਢਹਿ-ਢੇਰੀ ਹੋ ਗਿਆ ਅਤੇ ਇਸ ਵਿੱਚ ਦੋ ਸਿੱਖ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦਿੱਤੀ ਹੈ, ਕਿਉਂਕਿ ਉਨ੍ਹਾਂ ਕੋਲ ਮੀਡੀਆ ਨੂੰ ਜਾਣਕਾਰੀ ਦੇਣ ਦਾ ਅਧਿਕਾਰ ਨਹੀਂ ਸੀ। ਭਾਵੇਂ ਹਾਲੇ ਤੱਕ ਕਿਸੇ ਅੱਤਵਾਦੀ ਜਥੇਬੰਦੀ ਨੇ ਹਮਲੇ ਦੀ ਜ਼ਿੰਮੇਵਾਰੀ ਦਾ ਦਾਅਵਾ ਨਹੀਂ ਕੀਤਾ, ਪਰ ਇਸਲਾਮਿਕ ਅੱਤਵਾਦੀ ਗਰੁੱਪ ਅਕਸਰ ਅਫਗਾਨਿਸਤਾਨ 'ਚ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਤਾਲਿਬਾਨ ਤੇ ਅਫਗਾਨਿਸਤਾਨ ਸਰਕਾਰ ਵਿਚਾਲੇ ਕਤਰ 'ਚ ਸ਼ਾਂਤੀ ਵਾਰਤਾ ਰੁਕਣ ਦੇ ਬਾਅਦ ਦੇਸ਼ ਵਿਆਪੀ ਬੰਬ ਧਮਾਕੇ, ਮਿੱਥ ਕੇ ਕਤਲ ਤੇ ਹਿੰਸਾ ਦੀਆਂ ਘਟਨਾਵਾਂ



ਵਿੱਚ ਵਾਧਾ ਹੋਇਆ ਹੈ। ਕਾਬੁਲ ਪੁਲਸ ਦੇ ਬੁਲਾਰੇ ਫਰਦਾਵਸ ਫਰਮਾਰਜ਼ ਨੇ ਕਿਹਾ ਕਿ ਬੰਬ ਧਮਾਕੇ ਨਾਲ ਸਟੋਰ 'ਚ ਛੇ ਜਣੇ ਜ਼ਖਮੀ ਹੋਏ ਹਨ ਅਤੇ ਕਿਸੇ ਦੀ ਮੌਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੁਲਸ ਜਾਂਚ ਕਰ ਰਹੀ ਹੈ। ਕੱਲ੍ਹ ਹੋਏ ਦੂਸਰੇ ਧਮਾਕੇ ਬਾਰੇ ਫਰਮਾਰਜ਼ ਨੇ ਕਿਹਾ ਕਿ ਇੱਕ ਬੰਬ ਪੁਲਸ ਕਾਰ ਨਾਲ ਲਾਇਆ ਗਿਆ ਸੀ, ਜੋ ਉਤਰੀ ਕਾਬੁਲ ਵਿੱਚ ਚਲਿਆ, ਜਿੱਥੇ ਇੱਕ ਪੁਲਸ ਅਫਸਰ ਮਾਰਿਆ ਗਿਆ। ਆਈ ਐਸ ਦੀਆਂ ਵੱਧ ਰਹੀਆਂ ਧਮਕੀਆਂ ਕਾਰਨ ਅਫਗਾਨਿਸਤਾਨ 'ਚ ਸਿੱਖਾਂ ਤੇ ਹਿੰਦੂਆਂ ਦੀ ਗਿਣਤੀ ਢਾਈ ਲੱਖ ਤੋਂ ਘੱਟ ਕੇ ਕੇਵਲ 700 ਰਹਿ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

You can Place Your Business Here
(905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Signature.ca
ticoca IATA
Call Us For Guaranteed Lowest Airfare
ANY Airline Time Destination Around the World
WESTJET vacations
transat Holidays, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

905-793-2202
ਪੰਜਾਬੀ ਪੋਸਟ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202
ਪੰਜਾਬੀ ਪੋਸਟ

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

